ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 3 ਅਗਸਤ 2024 (ਨਾਨਕਸ਼ਾਹੀ ਸੰਮਤ : ੫੫੬, ੧੯ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

### ਮਾਨ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਕਾਰਨ

# ਪੰਜਾਬ 'ਚ 3000 ਕਰੋੜ ਦਾ ਨੈਸ਼ਨਲ ਹਾਈਵੇ ਪ੍ਰਾਜੈਕਟ ਰੱਦ

**ਨਵੀਂ ਦਿੱਲੀ, 2 ਅਗਸਤ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਤਿੰਨ ਨੈਸ਼ਨਲ ਹਾਈਵੇ ਪ੍ਰਾਜੈਕਟਾਂ ਨੂੰ ਬੰਦ ਕਰਨ ਦੀ ਆਵਾਜ਼ ਵੀ ਸੰਸਦ ਵਿੱਚ ਉੱਠਣ ਲੱਗੀ ਹੈ। ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਵੱਲੋਂ ਉਠਾਏ ਸਵਾਲਾਂ 'ਤੇ ਕੇਂਦਰੀ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੂੰ ਖੁਦ ਇਸ 'ਤੇ ਭਾਰਤ ਸਰਕਾਰ ਦਾ ਪੱਖ ਪੇਸ਼ ਕਰਨਾ ਪਿਆ। ਕੇਂਦਰ ਸਰਕਾਰ ਦਾ ਰਾਜ ਸਭਾ ਵਿੱਚ ਕਹਿਣਾ ਹੈ ਕਿ ਜ਼ਮੀਨ ਐਕਵਾਇਰ ਵਿੱਚ ਮੁਸ਼ਕਲਾਂ ਕਾਰਨ ਇਹ ਪ੍ਰਾਜੈਕਟ ਰੁਕੇ ਹੋਏ ਹਨ। ਪੰਜਾਬ ਦੇ ਰਾਜ ਸਭਾ ਮੈਂਬਰ ਵਿਕਰਮ ਸਾਹਨੀ ਦੇ ਇੱਕ ਸਵਾਲ ਦੇ ਜਵਾਬ ਵਿੱਚ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਕਿ ਐੱਨ.ਐੱਚ.ਏ.ਆਈ ਨੇ ਅਸਲ ਵਿੱਚ ਜ਼ਮੀਨ ਗ੍ਰਹਿਣ ਵਿੱਚ ਰੁਕਾਵਟਾਂ ਅਤੇ ਲੋੜਾਂ ਪੂਰੀਆਂ ਨਾ ਹੋਣ ਕਾਰਨ 3,303 ਕਰੋੜ ਰੁਪਏ ਦੇ ਪ੍ਰੋਜੈਕਟ ਰੱਦ ਕਰ ਦਿੱਤੇ ਹਨ। ਗਡਕਰੀ ਨੇ ਇਹ ਵੀ ਦੱਸਿਆ ਕਿ ਕੇਂਦਰ ਵੱਲੋਂ ਪੰਜਾਬ ਸਰਕਾਰ ਨੂੰ ਜ਼ਮੀਨ ਐਕੁਆਇਰ ਕਰਨ ਅਤੇ ਪ੍ਰਾਜੈਕਟਾਂ ਨੂੰ ਜਾਰੀ ਰੱਖਣ ਲਈ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਪ੍ਰਸਤਾਵ ਵੀ ਭੇਜਿਆ ਗਿਆ ਹੈ। ਪੰਜਾਬ ਵਿੱਚ ਹੁਣ ਤੱਕ 52000 ਕਰੋੜ ਰੁਪਏ ਦੀ ਲਾਗਤ ਨਾਲ 1500 ਕਿਲੋਮੀਟਰ ਲੰਬਾ ਕੌਮੀ ਮਾਰਗ ਤਿਆਰ ਕੀਤਾ ਜਾ ਰਿਹਾ ਹੈ। ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ ਨੂੰ ਵੀ ਜ਼ਮੀਨ ਐਕਵਾਇਰ ਦੇ ਮੁਆਵਜ਼ੇ ਵਿੱਚ ਦੇਰੀ ਕਾਰਨ ਨੁਕਸਾਨ ਹੋਇਆ ਹੈ। ਪ੍ਰੋਜੈਕਟਾਂ 'ਤੇ ਕੰਮ ਕਰ ਰਹੇ ਠੇਕੇਦਾਰਾਂ ਨੂੰ NHAI ਨਾਲ ਇਕਰਾਰਨਾਮੇ ਨੂੰ ਖਤਮ ਜਾਂ ਮੁਅੱਤਲ ਕਰਨ ਬਾਰੇ ਪਤਾ ਲੱਗ ਗਿਆ ਸੀ। ਜ਼ਿਆਦਾਤਰ ਠੇਕੇਦਾਰਾਂ ਵੱਲੋਂ NHAI ਤੋਂ ਕਲੇਮ ਵੀ ਮੰਗੇ ਗਏ ਹਨ। NHAI ਪਹਿਲਾਂ ਹੀ ਪੰਜਾਬ ਸਰਕਾਰ ਦੇ ਅਧਿਕਾਰੀਆਂ ਦੇ ਢਿੱਲੇ ਰਵੱਈਏ 'ਤੇ ਨਾਰਾਜ਼ਗੀ ਜ਼ਾਹਰ ਕਰ ਚੁੱਕਾ ਹੈ ਜਿਸ ਕਾਰਨ NHAI ਨੇ ਪੰਜਾਬ ਵਿੱਚ 3303 ਕਰੋੜ ਰੁਪਏ ਦੇ ਤਿੰਨ ਪ੍ਰੋਜੈਕਟ ਲੁਧਿਆਣਾ-ਰੋਪੜ-ਖਰੜ, ਦੱਖਣੀ ਲੁਧਿਆਣਾ ਬਾਈਪਾਸ ਅਤੇ ਅੰਮ੍ਰਿਤਸਰ ਤੋਂ ਟਾਂਡਾ ਪ੍ਰੋਜੈਕਟ ਬੰਦ ਕਰਨ ਦਾ ਫੈਸਲਾ ਕੀਤਾ ਸੀ।






Exclusive News

## ਪੰਜਾਬ 'ਚ ਵੱਡੀ ਵਾਰਦਾਤ ਦੀ ਯੋਜਨਾ ਬਣਾ ਰਹੇ ਦੋ ਗੈਂਗਸਟਰ ਮੋਹਾਲੀ ਪੁਲਿਸ ਨੇ ਦਬੋਚੇ, 90 ਜਿੰਦਾ ਕਾਰਤੂਸ ਬਰਾਮਦ

**ਨਵੀਂ ਦਿੱਲੀ, 2 ਅਗਸਤ (ਆਵਾਜ਼ਿ ਕੌਮ ਬਿਊਰੋ)**-ਮੋਹਾਲੀ ਪੁਲਿਸ ਦੀ ਸੀਆਈਏ ਟੀਮ ਨੇ ਦੋ ਬਦਮਾਸ਼ਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਦੋਵੇਂ ਅਪਰਾਧੀ ਪੰਜਾਬ ਵਿੱਚ ਕੋਈ ਵੱਡੀ ਵਾਰਦਾਤ ਕਰਨ ਦੀ ਯੋਜਨਾ ਬਣਾ ਰਹੇ ਸਨ। ਦੋਵੇਂ ਮੋਹਾਲੀ ਦੇ ਖਰੜ ਇਲਾਕੇ 'ਚ ਲੁਕੇ ਹੋਏ ਸਨ। ਪੁਲਿਸ ਨੇ ਦੋਵਾਂ ਮੁਲਜ਼ਮਾਂ ਨੂੰ ਖਰੜ ਤੋਂ ਹੀ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੇ ਮੁਲਜ਼ਮਾਂ ਦੇ ਕਬਜ਼ੇ 'ਚੋਂ 90 ਜਿੰਦਾ ਕਾਰਤੂਸ ਬਰਾਮਦ ਕੀਤੇ ਹਨ। ਪੁਲਿਸ ਮੁਲਜ਼ਮਾਂ ਕੋਲੋਂ ਉਨ੍ਹਾਂ ਦੇ ਅਗਲੇਰੇ ਮਨਸੂਬਿਆਂ ਬਾਰੇ ਪੁੱਛਗਿੱਛ ਕਰ ਰਹੀ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਮਨਿੰਦਰ ਸਿੰਘ ਉਰਫ ਬੌਬੀ ਵਾਸੀ ਜਲੰਧਰ ਤੇ ਮੋਹਿਤ ਕੁਮਾਰ ਵਾਸੀ ਸੁਲਤਾਨਪੁਰ ਲੋਧੀ ਵਜੋਂ ਹੋਈ ਹੈ। ਇਹ ਦੋਵੇਂ ਵਿਦੇਸ਼ ਬੈਠੇ ਹਰਜੀਤ ਪੰਡਾਲ ਗੈਂਗਸਟਰ ਦੇ ਸੰਪਰਕ ਵਿੱਚ ਸਨ। ਹਰਜੀਤ ਪੰਡਾਲ ਨਾਮਕ ਗੈਂਗਸਟਰ ਨਾਲ ਕੰਮ ਕਰ ਰਹੇ ਸਨ। ਹਰਜੀਤ ਪੰਡਾਲ ਗੋਪੀ ਨਵਾਂ ਸ਼ਹਿਰ ਗੈਂਗ ਦਾ ਮੈਂਬਰ ਹੈ। ਮਨਿੰਦਰ ਨੂੰ ਕਿਸੇ ਵਿਅਕਤੀ ਨੇ ਹਥਿਆਰ ਸਪਲਾਈ ਕੀਤੇ ਸਨ। ਮਨਿੰਦਰ ਨੇ ਇਹ ਹਥਿਆਰ ਖਰੜ ਵਿੱਚ ਆਪਣੇ ਦੋਸਤ ਮੋਹਿਤ ਦੇ ਕਮਰੇ ਵਿੱਚ ਛੁਪਾਏ ਹੋਏ ਸਨ। ਇੱਥੋਂ ਉਸ ਨੇ ਦੋ ਹਥਿਆਰ ਛੁਪਾਉਣ ਲਈ ਅੰਮ੍ਰਿਤਸਰ ਭੇਜੇ ਸਨ ਪਰ ਉਹ ਦੋਵੇਂ ਹਥਿਆਰ ਅੰਮ੍ਰਿਤਸਰ ਪੁਲਿਸ ਨੇ ਆਪਣੇ ਕਬਜ਼ੇ ਵਿੱਚ ਲੈ ਲਏ ਹਨ। ਮੁਹਾਲੀ ਪੁਲਿਸ ਅੰਮ੍ਰਿਤਸਰ ਪੁਲਿਸ ਤੋਂ ਇਨ੍ਹਾਂ ਹਥਿਆਰਾਂ ਬਾਰੇ ਜਾਣਕਾਰੀ ਇਕੱਠੀ ਕਰ ਰਹੀ ਹੈ। ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਦੋਵੇਂ ਗੈਂਗਸਟਰ ਪਹਿਲਾਂ ਵੀ ਕਈ ਵਾਰਦਾਤਾਂ ਨੂੰ ਅੰਜਾਮ ਦੇ ਚੁੱਕੇ ਹਨ।

## ਆਜ਼ਾਦੀ ਦਿਹਾੜੇ ਤੋਂ ਪਹਿਲਾਂ ਖਾਲਿਸਤਾਨੀ ਪੰਨੂ ਨੇ ਕੀਤਾ ਵੱਡਾ ਐਲਾਨ, ਸਿੱਖ ਫੌਜੀਆਂ ਨੂੰ ਕਹੀ ਇਹ ਗੱਲ

**ਨਵੀਂ ਦਿੱਲੀ, 2 ਅਗਸਤ (ਆਵਾਜ਼ਿ ਕੌਮ ਬਿਊਰੋ)**-ਆਜ਼ਾਦੀ ਦਿਹਾੜੇ ਤੋਂ ਪਹਿਲਾਂ ਖਾਲਿਸਤਾਨੀ ਸਮਰਥਕ ਗੁਰਪਤਵੰਤ ਸਿੰਘ ਪੰਨੂ ਨੇ ਵੱਡਾ ਐਲਾਨ ਕੀਤਾ ਹੈ। ਪੰਨੂ ਨੇ ਹੁਣ ਭਾਰਤੀ ਫੌਜ ਵਿੱਚ ਸਿੱਖ ਸਿਪਾਹੀਆਂ ਨੂੰ ਵੰਗਾਰਿਆ ਹੈ। ਪੰਨੂ ਨੇ ਐਲਾਨ ਕੀਤਾ ਹੈ ਕਿ ਜੇਕਰ ਸਿੱਖ ਫੌਜੀ ਸੁਤੰਤਰਤਾ ਦਿਵਸ 'ਤੇ ਤਿਰੰਗਾ ਫੂਕਦੇ ਹਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਰੋਕਦੇ ਹਨ ਤਾਂ ਉਨ੍ਹਾਂ ਨੂੰ 5 ਲੱਖ ਡਾਲਰ ਦਿੱਤੇ ਜਾਣਗੇ। ਪੰਨੂ ਵਿਦੇਸ਼ੀ ਧਰਤੀ ਤੋਂ ਲਗਾਤਾਰ ਸੋਸ਼ਲ ਮੀਡੀਆ ਅਕਾਉਂਟਸ 'ਤੇ ਵੀਡੀਓ ਪਾ ਕੇ ਭਾਰਤੀ ਸਿੱਖਾਂ ਨੂੰ ਭੜਕਾ ਰਿਹਾ ਹੈ। ਸਿੱਖ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਵੀਡੀਓ ਵਿੱਚ ਕਿਹਾ ਹੈ ਕਿ ਸਿੱਖ ਫੌਜੀਓ, ਇਹ ਭਾਰਤ ਦਾ 78ਵਾਂ ਸੁਤੰਤਰਤਾ ਦਿਵਸ ਹੈ ਪਰ ਤੁਸੀਂ, ਤੁਹਾਡੇ ਪਰਿਵਾਰ, ਸਿੱਖ ਅਜ਼ਾਦ ਨਹੀਂ ਤੇ ਅਜੇ ਵੀ ਗੁਲਾਮ ਹਨ। ਸਿੱਖ ਫੌਜੀਆਂ ਨੂੰ 1984 ਨਹੀਂ ਭੁੱਲਣਾ ਚਾਹੀਦਾ। ਹਰਿਮੰਦਰ ਸਾਹਿਬ 'ਤੇ ਹਮਲਾ ਹੋਇਆ ਤੇ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਅੱਜ ਵੀ ਦਿੱਲੀ ਵਿੱਚ ਸਿੱਖਾਂ ਦੀ ਵਿਧਵਾ ਬਸਤੀ ਹੈ। ਇਹੀ ਫਰਕ ਹੈ ਸਿੱਖਾਂ ਦੀ ਦਸਤਾਰ ਤੇ ਟੋਪੀ ਵਿੱਚ, ਕੇਸਰੀ ਤੇ ਖਾਕੀ ਵਿੱਚ। ਜੇਕਰ ਸਿੱਖ ਫੌਜੀ ਸੁਤੰਤਰਤਾ ਦਿਵਸ 'ਤੇ ਤਿਰੰਗਾ ਫੂਕਦੇ ਹਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਰੋਕਦੇ ਹਨ ਤਾਂ ਉਨ੍ਹਾਂ ਨੂੰ 5 ਲੱਖ ਡਾਲਰ ਦਿੱਤੇ ਜਾਣਗੇ। ਦੱਸ ਦਈਏ ਕਿ ਭਾਰਤ ਸਰਕਾਰ ਅੱਤਵਾਦੀ ਐਲਾਨਿਆ ਗਿਆ ਪੰਨੂ ਦੇਸ਼ ਤੇ ਪੰਜਾਬ ਦੀ ਧਰਤੀ 'ਤੇ ਲਗਾਤਾਰ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਦੇ ਉਹ ਪੰਜਾਬ ਦੇ ਨੌਜਵਾਨਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕਰਦਾ ਹੈ ਤੇ ਕਦੇ ਜੰਮੂ-ਕਸ਼ਮੀਰ ਦੇ ਮੁਸਲਿਮ ਭਾਈਚਾਰੇ ਨੂੰ ਭੜਕਾਉਂਦਾ ਹੈ।



## ਪੇਰਿਸ 'ਚ ਹਾਰ ਤੋਂ ਬਾਅਦ ਪੀਵੀ ਸਿੰਧੂ ਨੇ ਲਿਆ ਸੰਨਿਆਸ ?

**ਪੈਰਿਸ, 2 ਅਗਸਤ (ਆਵਾਜ਼ਿ ਕੌਮ ਬਿਊਰੋ)**-ਪੀਵੀ ਸਿੰਧੂ ਲਈ ਪੈਰਿਸ ਓਲੰਪਿਕ ਕਿਸੇ ਡਰਾਉਣੇ ਸੁਪਨੇ ਤੋਂ ਘੱਟ ਨਹੀਂ ਰਿਹਾ। ਭਾਰਤੀ ਸਟਾਰ ਸ਼ਟਲਰ ਨੂੰ ਬੈਡਮਿੰਟਨ ਵੂਮੈਨ ਸਿੰਗਲ ਦੇ ਪ੍ਰੀ-ਕੁਆਰਟਰ ਫਾਈਨਲ ਯਾਨੀ ਰਾਊਂਡ ਆਫ 16 ਤੋਂ ਬਾਹਰ ਹੋਣਾ ਪਿਆ। ਰਾਊਂਡ ਆਫ 16 'ਚ ਸਿੰਧੂ ਨੂੰ ਚੀਨ ਦੀ ਬਿੰਗ ਜਿਆਓ ਦੇ ਖਿਲਾਫ ਹਾਰ ਦਾ ਸਾਹਮਣਾ ਕਰਨਾ ਪਿਆ। ਹਾਰ ਤੋਂ ਬਾਅਦ ਸਿੰਧੂ ਨੇ ਆਪਣੇ ਸੰਨਿਆਸ ਨੂੰ ਲੈ ਕੇ ਵੱਡਾ ਅਪਡੇਟ ਦਿੱਤਾ ਹੈ। ਉਨ੍ਹਾਂ ਨੇ 2028 ਵਿੱਚ ਹੋਣ ਵਾਲੀਆਂ ਓਲੰਪਿਕ ਖੇਡਾਂ ਬਾਰੇ ਗੱਲ ਕੀਤੀ। ਤੁਹਾਨੂੰ ਦੱਸ ਦਈਏ ਕਿ ਰਾਊਂਡ 16 ਵਿੱਚ ਪੀਵੀ ਸਿੰਧੂ ਨੂੰ ਚੀਨ ਦੀ ਬਿੰਗ ਜਿਆਓ ਵਿਰੁੱਧ 21-19, 21-14 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਹਾਰ ਨਾਲ ਸਿੰਧੂ ਦਾ ਲਗਾਤਾਰ ਤੀਜੀ ਓਲੰਪਿਕ ਵਿੱਚ ਤਮਗਾ ਜਿੱਤਣ ਦਾ ਸੁਪਨਾ ਟੁੱਟ ਗਿਆ। ਹਾਰ ਦੇ ਨਾਲ ਸਿੰਧੂ ਦੀ ਮੁਹਿੰਮ ਖਤਮ ਹੋ ਗਈ। ਹਾਰ ਤੋਂ ਬਾਅਦ ਸਿੰਧੂ ਤੋਂ 2028 ਲਾਸ ਏਂਜਲਸ ਓਲੰਪਿਕ ਬਾਰੇ ਪੁੱਛਿਆ ਗਿਆ। ਸਿੰਧੂ ਨੇ ਜਵਾਬ ਦਿੰਦਿਆਂ ਹੋਇਆਂ ਕਿਹਾ, "ਅਗਲੇ ਓਲੰਪਿਕ 'ਚ ਅਜੇ ਚਾਰ ਬਾਕੀ ਹਨ। ਮੈਂ ਵਾਪਸ ਜਾਵਾਂਗੀ ਅਤੇ ਥੋੜ੍ਹਾ ਆਰਾਮ ਕਰਾਂਗੀ। ਬ੍ਰੇਕ ਲੈਣ ਤੋਂ ਬਾਅਦ ਮੈਂ ਦੇਖਾਂਗੀ ਕਿ ਕੀ ਹੁੰਦਾ ਹੈ। ਚਾਰ ਸਾਲ ਬਹੁਤ ਲੰਬਾ ਸਮਾਂ ਹੁੰਦਾ ਹੈ। ਹੁਣ ਵਾਪਸ ਜਾਣ ਦਾ ਸਮਾਂ ਹੈ। ਮੈਂ ਉਹ ਨਤੀਜਾ ਨਹੀਂ ਦੇ ਸਕੀ।" ਜਿਸ ਦੀ ਮੈਂ ਉਮੀਦ ਕੀਤੀ ਸੀ, ਇਹ ਦੁਖਦਾਈ ਹੈ, ਪਰ ਇਹ ਇੱਕ ਸਫਰ ਹੈ।" ਇਸ ਤੋਂ ਇਲਾਵਾ ਭਾਰਤੀ ਸਟਾਰ ਨੇ ਮੈਚ ਬਾਰੇ ਗੱਲ ਕੀਤੀ। ਉਨ੍ਹਾਂ ਨੇ ਦੱਸਿਆ ਕਿ ਕਿਵੇਂ ਉਹ ਆਪਣੇ ਆਪ 'ਤੇ ਕਾਬੂ ਨਹੀਂ ਰੱਖ ਸਕੀ। ਭਾਰਤੀ ਸ਼ਟਲਰ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਮੈਨੂੰ ਆਪਣੀਆਂ ਗਲਤੀਆਂ 'ਤੇ ਕਾਬੂ ਰੱਖਣਾ ਚਾਹੀਦਾ ਸੀ, ਖਾਸ ਕਰਕੇ ਦੂਜੇ ਮੈਚ 'ਚ। ਇਹ ਦੁੱਖ ਦੀ ਗੱਲ ਹੈ ਕਿ ਮੈਂ ਇਸ ਨੂੰ ਜਿੱਤ 'ਚ ਨਹੀਂ ਬਦਲ ਸਕੀ।



## ਪੈਰਿਸ ਓਲੰਪਿਕ 2024 : ਹਾਕੀ 'ਚ ਭਾਰਤ ਨੇ ਰਚਿਆ ਇਤਿਹਾਸ, 52 ਸਾਲਾਂ ਬਾਅਦ ਆਸਟ੍ਰੇਲੀਆ ਨੂੰ ਹਰਾਇਆ

**ਪੈਰਿਸ, 2 ਅਗਸਤ (ਆਵਾਜ਼ਿ ਕੌਮ ਬਿਊਰੋ)**-ਪੈਰਿਸ ਓਲੰਪਿਕ ਦੇ ਆਖ਼ਰੀ ਪੂਲ ਮੈਚ 'ਚ ਸ਼ੁੱਕਰਵਾਰ ਨੂੰ ਭਾਰਤੀ ਹਾਕੀ ਟੀਮ ਦਾ ਮੁਕਾਬਲਾ ਆਸਟ੍ਰੇਲੀਆ ਨਾਲ ਹੋਇਆ। ਕੁਆਰਟਰ ਫਾਈਨਲ ਤੋਂ ਪਹਿਲਾਂ ਕਪਤਾਨ ਹਰਮਨਪ੍ਰੀਤ ਸਿੰਘ ਦੀ ਟੀਮ ਨੇ ਆਸਟ੍ਰੇਲੀਆ ਨੂੰ 3-2 ਨਾਲ ਹਰਾਇਆ। ਇਸੇ ਦੇ ਨਾਲ ਭਾਰਤ ਨੇ ਕੁਆਰਟਰ ਫਾਈਨਲ ਤੋਂ ਪਹਿਲਾਂ ਜਿੱਤ ਦੀ ਪਟੜੀ 'ਤੇ ਵਾਪਸੀ ਕਰ ਲਈ ਹੈ। ਦਿਲਚਸਪ ਗੱਲ ਇਹ ਹੈ ਕਿ ਭਾਰਤ ਨੇ 52 ਸਾਲਾਂ ਬਾਅਦ ਓਲੰਪਿਕ ਦੇ ਇਤਿਹਾਸ 'ਚ ਆਸਟ੍ਰੇਲੀਆ ਨੂੰ ਹਰਾਇਆ ਹੈ। ਇਸ ਤੋਂ ਪਹਿਲਾਂ 1972 'ਚ ਭਾਰਤ ਨੇ ਆਸਟ੍ਰੇਲੀਆ ਖਿਲਾਫ ਜਿੱਤ ਦਰਜ ਕੀਤੀ ਸੀ।


## ਕੈਨੇਡਾ 'ਚ ਖਾਲਿਸਤਾਨੀ ਰੈਫ਼ਰੈਂਡਮ ਨੂੰ ਕਵਰ ਕਰਨ ਵਾਲੇ ਦੋ ਪੱਤਰਕਾਰਾਂ 'ਤੇ ਭਾਰਤ ਸਰਕਾਰ ਦੀ ਵੱਡੀ ਕਾਰਵਾਈ




**ਨਵੀਂ ਦਿੱਲੀ, 2 ਅਗਸਤ (ਆਵਾਜ਼ਿ ਕੌਮ ਬਿਊਰੋ)**-ਕੈਨੇਡਾ ਵਿੱਚ ਖਾਲਿਸਤਾਨ ਸਮਰਥਕ ਲਗਾਤਾਰ ਭਾਰਤ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਹਨ ਅਤੇ ਪਿਛਲੇ ਸਮੇਂ ਵਿੱਚ ਇਸ ਵਿੱਚ ਵਾਧਾ ਹੋਇਆ ਹੈ। ਭਾਰਤ ਸਰਕਾਰ ਇਸ ਬਾਰੇ ਕਈ ਵਾਰ ਕੈਨੇਡਾ ਨੂੰ ਚੇਤਾਵਨੀ ਦੇ ਚੁੱਕੀ ਹੈ। ਹਾਲਾਂਕਿ ਹੁਣ ਕੇਂਦਰ ਸਰਕਾਰ ਨੇ ਹੈਰਾਨ ਕਰਨ ਵਾਲਾ ਕਦਮ ਚੁੱਕਿਆ ਹੈ। ਸਰਕਾਰ ਨੇ ਸੋਸ਼ਲ ਮੀਡੀਆ ਕੰਪਨੀ ਨੂੰ ਕਿਹਾ ਹੈ ਇਹ ਖਾਤੇ ਪੱਤਰਕਾਰਾਂ ਦੇ ਹਨ ਅਤੇ ਕੰਪਨੀ ਨੇ ਪੁਸ਼ਟੀ ਕੀਤੀ ਹੈ ਕਿ ਉਸ ਨੂੰ ਇਹ ਬੇਨਤੀ ਸਰਕਾਰ ਤੋਂ ਮਿਲੀ ਸੀ। ਬਲੌਕ ਕੀਤੇ ਗਏ ਹੈਂਡਲ ਕੈਲਗਰੀ-ਅਧਾਰਤ ਫ੍ਰੀਲਾਂਸ ਪੱਤਰਕਾਰ ਮੋਚਾ ਬੇਜ਼ੀਰਗਨ ਅਤੇ ਪੱਤਰਕਾਰ 'ਵੀ' ਦੇ ਹਨ ਜੋ ਟੋਰਾਂਟੋ ਅਤੇ ਕੈਲੀਫੋਰਨੀਆ ਵਿੱਚ ਸਥਿਤ ਹਨ। ਉਨ੍ਹਾਂ ਨੂੰ ਵੀਰਵਾਰ ਨੂੰ ਇਸ ਨੋਟਿਸ ਦੀ ਜਾਣਕਾਰੀ ਮਿਲੀ। ਨੋਟਿਸ ਵਿੱਚ ਕਿਹਾ ਗਿਆ ਹੈ ਕਿ ਇਹ ਮੰਗ ਇਸ ਲਈ ਕੀਤੀ ਗਈ ਹੈ ਕਿਉਂਕਿ ਮੰਨਿਆ ਜਾ ਰਿਹਾ ਸੀ ਕਿ ਖਾਤੇ ਦੀ ਸਮੱਗਰੀ ਭਾਰਤ ਦੇ ਸੂਚਨਾ ਤਕਨਾਲੋਜੀ ਐਕਟ, 2000 ਦੀ ਉਲੰਘਣਾ ਕਰਦੀ ਹੈ। ਐਕਸ ਨੇ ਉਸ ਨੂੰ ਦੱਸਿਆ ਕਿ ਇਸ ਕਾਨੂੰਨ ਕਾਰਨ ਉਸ 'ਤੇ ਭਾਰਤ 'ਚ ਪਾਬੰਦੀ ਲੱਗ ਜਾਵੇਗੀ। ਹਾਲਾਂਕਿ ਇਹ ਦੂਜੇ ਦੇਸ਼ਾਂ ਵਿੱਚ ਮੌਜੂਦ ਹੋਵੇਗਾ। ਪੱਤਰਕਾਰ ਮੋਜ਼ਾ ਕੈਨੇਡਾ ਵਿੱਚ ਖਾਲਿਸਤਾਨ ਪੱਖੀ ਪ੍ਰੋਗਰਾਮਾਂ ਦੀ ਰਿਪੋਰਟਿੰਗ ਕਰ ਰਿਹਾ ਹੈ। ਉਨ੍ਹਾਂ ਪਿਛਲੇ ਐਤਵਾਰ ਕੈਲਗਰੀ ਵਿੱਚ ਸਿੱਖਸ ਫਾਰ ਜਸਟਿਸ ਵੱਲੋਂ ਕਰਵਾਏ ਖਾਲਿਸਤਾਨ ਰੈਫ਼ਰੈਂਡਮ ਬਾਰੇ ਵੀ ਜਾਣਕਾਰੀ ਦਿੱਤੀ। ਕੈਨੇਡਾ ਨੇ ਉਸ 'ਤੇ ਭਾਰਤ ਵੱਲੋਂ ਚਲਾਏ ਜਾ ਰਹੇ ਜਾਸੂਸੀ ਨੈੱਟਵਰਕ ਦਾ ਹਿੱਸਾ ਹੋਣ ਦਾ ਵੀ ਦੋਸ਼ ਲਾਇਆ ਹੈ।

## ਸ਼ੰਭੂ ਬਾਰਡਰ ਅਜੇ ਨਹੀਂ ਖੁੱਲ੍ਹੇਗਾ ! ਸੁਪਰੀਮ ਕੋਰਟ ਨੇ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਦੇ ਹੁਕਮ, 12 ਨੂੰ ਹੋਵੇਗੀ ਅਗਲੀ ਸੁਣਵਾਈ

**ਚੰਡੀਗੜ੍ਹ, 2 ਅਗਸਤ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਸਰਕਾਰ ਨੇ ਸ਼ੰਭੂ ਬਾਰਡਰ ਖੋਲ੍ਹਣ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਸਰਕਾਰ ਦੀ ਪਟੀਸ਼ਨ 'ਤੇ ਅੱਜ ਸੁਪਰੀਮ ਕੋਰਟ 'ਚ ਸੁਣਵਾਈ ਹੋਈ। ਸੁਣਵਾਈ ਦੌਰਾਨ ਅਦਾਲਤ ਨੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਅਤੇ ਸ਼ੰਭੂ ਸਰਹੱਦ 'ਤੇ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਦੇ ਹੁਕਮ ਦਿੱਤੇ। ਮਾਮਲੇ ਦੀ ਅਗਲੀ ਸੁਣਵਾਈ ਹੁਣ 12 ਅਗਸਤ ਨੂੰ ਹੋਵੇਗੀ। ਪਿਛਲੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਇੱਕ ਸੁਤੰਤਰ ਕਮੇਟੀ ਬਣਾਉਣ ਦੇ ਨਿਰਦੇਸ਼ ਦਿੱਤੇ ਸਨ, ਜੋ ਮਾਮਲੇ ਦੀ ਨਿਰਪੱਖ ਜਾਂਚ ਕਰੇਗੀ। ਇਸ ਵਿੱਚ ਕੁਝ ਉੱਘੇ ਲੋਕਾਂ ਦੇ ਨਾਂਅ ਸੁਪਰੀਮ ਕੋਰਟ ਵਿੱਚ ਪੇਸ਼ ਕਰਨ ਲਈ ਕਿਹਾ ਗਿਆ ਸੀ। ਪਿਛਲੀ ਸੁਣਵਾਈ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਸੀ ਕਿ ਜੇ ਸਰਕਾਰਾਂ ਅਜਿਹਾ ਨਹੀਂ ਕਰ ਸਕਦੀਆਂ ਤਾਂ ਅਦਾਲਤ ਇਹ ਕੰਮ ਕਰ ਸਕਦੀ ਹੈ। ਨਾਲ ਹੀ, ਸੁਪਰੀਮ ਕੋਰਟ ਨੇ ਕਿਹਾ ਸੀ ਕਿ ਸਰਹੱਦ 'ਤੇ ਕੋਈ ਵੀ ਅਣਸੁਖਾਵੀਂ ਘਟਨਾ ਨਹੀਂ ਹੋਣੀ ਚਾਹੀਦੀ। ਅਜਿਹੀ ਸਥਿਤੀ ਵਿੱਚ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣੀ ਚਾਹੀਦੀ ਹੈ। ਨੂੰ ਬੈਰੀਕੇਡ ਹਟਾਉਣ ਦੀ ਯੋਜਨਾ ਪੇਸ਼ ਕਰਨ ਲਈ ਕਿਹਾ ਗਿਆ ਸੀ। ਜ਼ਿਕਰ ਕਰ ਦਈਏ ਕਿ ਪੰਜਾਬ ਦੇ ਕਿਸਾਨ ਫਰਵਰੀ-2024 ਤੋਂ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਹਨ। ਅਜਿਹੇ 'ਚ ਸੁਰੱਖਿਆ ਨੂੰ ਧਿਆਨ 'ਚ ਰੱਖਦੇ ਹੋਏ ਹਰਿਆਣਾ ਸਰਕਾਰ ਨੇ ਬੈਰੀਕੇਡ ਲਗਾ ਕੇ ਹਰਿਆਣਾ ਅਤੇ ਪੰਜਾਬ ਦੀ ਸ਼ੰਭੂ ਸਰਹੱਦ ਨੂੰ ਬੰਦ ਕਰ ਦਿੱਤਾ ਸੀ। ਇਸ ਤੋਂ ਬਾਅਦ ਲੋਕ ਸਭਾ ਚੋਣਾਂ ਲਈ ਚੋਣ ਜ਼ਾਬਤਾ ਲਾਗੂ ਹੋ ਗਿਆ। ਕਿਸਾਨਾਂ ਨੇ ਪੰਜਾਬ ਵੱਲ ਸਰਹੱਦ 'ਤੇ ਪੱਕਾ ਮੋਰਚਾ ਬਣਾ ਲਿਆ। ਅਜਿਹੇ 'ਚ ਉਥੋਂ ਆਵਾਜਾਈ ਬੰਦ ਹੈ। ਇਸ ਕਾਰਨ ਅੰਬਾਲਾ ਦੇ ਵਪਾਰੀਆਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਕਾਰਨ ਉਸ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਸ਼ਰਨ ਲਈ ਸੀ। ਹਾਈ ਕੋਰਟ ਨੇ ਹਰਿਆਣਾ ਸਰਕਾਰ ਨੂੰ ਬਾਰਡਰ ਖੋਲ੍ਹਣ ਦੇ ਹੁਕਮ ਦਿੱਤੇ ਸਨ ਪਰ ਸਰਕਾਰ ਇਸ ਮਾਮਲੇ ਨੂੰ ਲੈ ਕੇ ਸੁਪਰੀਮ ਕੋਰਟ ਪਹੁੰਚ ਗਈ ਹੈ।



(ਫਾਈਲ ਫੋਟੋ)

# Nankana Sahib Yatra Committe Uk



## pakistan gurdwara yatra

6th november to 16th november 2024
yatra includes 25+ gurudwara sahib darshan .Accommodation in hotels and travel within pakistan and yatra start to finish point in AC coaches

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।


*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
+44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net




ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net



## ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS

PURE AND NATURAL 100% VEGETARIAN PURE AND NATURAL

Enjoy Real Taste of PUNJAB

KD

FULLY A.C. HALL

## Khehra VAISHNO DHABA

BREAKFAST
LUNCH
DINNER

**OUR SPECIALIZATION :** Au Important Ingredients used to Prepare Dishes are Grown in our own farmes.

- Soup
- Burger
- Sandwich
- Pizza
- Grilled Breads
- Continental Fast Food
- Tandoori Snacks
- Tandoori Breads
- Biryani Khas
- Beverages
- Shakes
- Desserts
- Punjabi Snacks
- South Indian
- Kathi Roll
- Pasta
- Chines Food
- Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment


## ਪੰਜਾਬੀ

### ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ | Love Maa Boli Punjabi

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ

ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ

ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

**Learn Speak Read Write PUNJABI**


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਏ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

- ☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।
- ☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK


• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161

• ਭਾਈ ਬਲਜੀਤ ਸਿਘ ਕੰਗ/Bhai Baljit Singh Kang
+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

Website : www.nsycuk.com
E-mail : gnstuk@hotmail.com

# HAYES PLANT HIRE

## WE TRAIN YOU GAIN

NPORS ACCREDITED


Telescopic Handler


Excavator 360


Road Roller


Forward Tipping Dumper


Tractor


Dozer

Plant Training and Testing on All CATEGORIES OF **MACHINERY.**


Dump Truck

# HAYES PLANT HIRE

ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ

NROPS Accredited

ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।

## CONTACT- 07831543004

Hollis Farm, Clay Cross Chesterfield. S45 9BA

01246864370

ਆਵਾਜ਼ਿ ਕੌਮ AWAZE QAUM International Newspaper & WEB TV

CALL US TO BOOK YOUR CSCS LEVEL ONE COURSE.

**07715 1-28621**







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









**www.khalsaforge.com**

ੴ ਵਾਹਿਗੁਰੂ ਜੀ ਕੀ ਫਤਹਿ ॥

ਪੰਜ ਤੀਰ ਹੋਰ ਤੂੰ ਗੁਰੂ ਤੋਂ ਮੰਗੇ, ਗੰਗੂ ਦੀ ਰੂਹ ਨੂੰ ਮਾਰਨ ਲਈ। ਅੱਜ ਪੰਥ ਇਕੱਠਾ ਹੋਇਆ ਹੈ, ਤੇਰੇ ਬੋਲਾਂ ਨੂੰ ਸਤਿਕਾਰਨ ਲਈ।

# ਜਲਾਵਤਨ ਸਿੱਖ ਯੋਧੇ, ਦਲ ਖਾਲਸਾ ਦੇ ਬਾਨੀ, ਕੌਮੀ ਸ਼ਾਇਰ, ਭਾਈ ਗਜਿੰਦਰ ਸਿੰਘ ਜੀ ਦੀ ਯਾਦ ਵਿੱਚ ਗੁਰਦੁਆਰਾ ਬਾਬਾ ਸੰਗ ਜੀ ਸਮੈਦਿਕ ਵਿਖੇ 4 ਅਗਸਤ 2024 ਦਿਨ ਐਤਵਾਰ ਨੂੰ

# ਸ਼ਰਧਾਂਜ਼ਲੀ ਸਮਾਗਮ

ਵੀਹਵੀਂ ਸਦੀ ਦੇ ਮਹਾਨ ਗੁਰਸਿੱਖ, ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਰਿਹਾਈ ਲਈ 29 ਸਤੰਬਰ 1981 ਨੂੰ ਇੰਡੀਅਨ ਏਅਰ ਲਾਇਨਜ ਦਾ ਹਵਾਈ ਜਹਾਜ਼ ਹਾਈਜੈਕ ਕਰਕੇ ਲਾਹੌਰ ਲਿਜਾਣ ਵਾਲੇ ਭਾਈ ਗਜਿੰਦਰ ਸਿੰਘ ਜੀ ਸਾਥੀਆਂ ਸਮੇਤ ਕਰੀਬ 14 ਸਾਲ ਪਾਕਿਸਤਾਨ ਦੀ ਕੋਟ ਲੱਖਪਤ ਜੇਲ੍ਹ ਵਿੱਚ ਨਜ਼ਰਬੰਦ ਰਹੇ ਅਤੇ ਉਸ ਤੋਂ ਬਾਅਦ ਅੰਤਮ ਸਵਾਸ ਤੱਕ ਪਾਕਿਸਤਾਨ ਵਿੱਚ ਹੀ ਜਲਾਵਤਨੀ ਦੀ ਜ਼ਿੰਦਗੀ ਬਿਤਾਈ।

ਬਿਖੜੇ ਪੈਂਡਿਆਂ ਤੇ ਤੁਰਦਿਆਂ ਵੀ ਸਰਦਾਰ ਗਜਿੰਦਰ ਸਿੰਘ ਨੇ ਦ੍ਰਿੜਤਾ ਨਾਲ ਖਾਲਿਸਤਾਨ ਦੀ ਅਜ਼ਾਦੀ ਅਤੇ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਲਈ ਸਖਤ ਪਹਿਰਾ ਦਿੱਤਾ।

ਬੀਤੀ 3 ਜੁਲਾਈ 2024 ਨੂੰ ਭਾਈ ਗਜਿੰਦਰ ਸਿੰਘ ਜੀ ਲਾਹੌਰ ਵਿਖੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਅਦੁੱਤੀ ਪੰਥਕ ਦੇਣ ਨੂੰ ਯਾਦ ਕਰਦਿਆਂ ਸੰਸਾਰ ਭਰ ਵਿੱਚ ਪੰਥ ਦਰਦੀਆਂ ਵੱਲੋਂ ਸ਼ਰਧਾਂਜਲੀ ਸਮਾਗਮ ਕੀਤੇ ਜਾ ਰਹੇ ਹਨ। ਉਸੇ ਲੜੀ ਵਿੱਚ ਗੁਰਦੁਆਰਾ ਬਾਬਾ ਸੰਗ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 4 ਅਗਸਤ 2024 ਦਿਨ ਐਤਵਾਰ ਨੂੰ ਵਿਸ਼ਾਲ ਸ਼ਰਧਾਂਜਲੀ ਸਮਾਗਮ ਕੀਤਾ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਪੰਥਕ ਪਿਆਰ ਵਿੱਚ ਹੁੰਮ-ਹੁੰਮਾ ਕੇ ਪੁੱਜੋ ਅਤੇ ਪੰਥਕ ਏਕੇ ਦਾ ਸਬੂਤ ਦਿੰਦਿਆਂ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਜਲਾਵਤਨ ਸਿੱਖ ਯੋਧਾ
ਭਾਈ ਗਜਿੰਦਰ ਸਿੰਘ ਦਲ ਖਾਲਸਾ

## === ਪ੍ਰੋਗਰਾਮ ਦਾ ਵੇਰਵਾ :===

ਮਿਤੀ 2 ਅਗਸਤ 2024 ਦਿਨ ਸ਼ੁਕਰਵਾਰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਮਿਤੀ ਅਗਸਤ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਜੀ ਦੇ ਭੋਗ ਉਪਰੰਤ ਦੀਵਾਨ ਸਜੇਗਾ, ਜਿਸ ਵਿਚ ਉਚਕੋਟੀ ਦੇ ਰਾਗੀ ਜੱਥੇ, ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਨਾਮਵਰ ਪੰਥਕ ਬੁਲਾਰੇ ਪੰਥਕ ਵੀਚਾਰ ਸਾਂਝੇ ਕਰਨਗੇ।

## ਗੁਰਦੁਆਰਾ ਬਾਬਾ ਸੰਗ ਜੀ ਅਤੇ ਸੈਂਡਵਿਲ ਦੇ ਸਮੂਹ ਗੁਰਦੁਆਰਾ ਸਾਹਿਬ

**GURDWARA BABA SANG JI SMETHWICK**
**7-9 ST PAUL'S ROAD, SMETHWICK, B66 1EE**

ਵਧੇਰੇ ਜਾਣਕਾਰੀ ਲਈ ਸੰਪਰਕ :

**0121 558 2681 / 07930 908368 / 07452 765165**



ਦਮਦਮੀ ਟਕਸਾਲ ਵੱਲੋਂ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਬੋਧ ਸਮਾਗਮ
ਆਰੰਭ 20 ਜੁਲਾਈ 2024 ਤੋ 18 ਅਗਸਤ 2024 ਤੱਕ
Monday - Friday
6PM - 9PM
Saturday - Sunday
3PM - 5PM
6PM - 9PM
Bhog Shri Sehaj Path
Sunday 18th August 2024
Kirtan - Katha Darbar




SANT BEANT SINGH JI
BER KALAN WALE | UK TOUR 2024
FRI 26TH JULY - SUN 28TH JULY: SOUTHAMPTON
MON 29TH JULY - SUN 4TH AUGUST: SOUTHALL
MON 5TH AUGUST - SAT 10TH AUGUST: 7:00-8:00PM
GURU NANAK GURDWARA, LEICESTER, LE1 4LJ
SUN 11TH AUGUST: 1:00-2:00PM
GURU NANAK GURDWARA, LEICESTER, LE1 4LJ
WED 14TH AUGUST - 7:30-8:10PM:
GURU HAR RAI SAHIB GURDWARA, WEST BROMWICH, B70 6JW
SUN 18TH AUGUST - 2:00-3:00 PM:
GURU HAR RAI GURDWARA, WEST BROMWICH, B70 6JW
MON 19TH AUGUST - SUN 25TH AUGUST: 7:00-7:30AM &
6:45-7:30PM
SEDLEY STREET, WOLVERHAMPTON, WV2 3AJ
MON 26TH AUGUST - SUN 1ST SEPTEMBER: 7:30-8:15AM,
10:00-11:00AM & 7:15-8:00PM
BABA SANG GURDWARA, SMETHWICK, B66 1EE
SANT BEANT SINGH | WHATSAPP: +918530000006


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ
ਅਤੇ
ਦਮਦਮੀ ਟਕਸਾਲ ਦੇ 318ਵਾਂ ਸਥਾਪਨਾ ਦਿਵਸ
ਨੂੰ ਸਮਰਪਿਤ
ਮਹਾਨ ਗੁਰਮਤਿ ਸਮਾਗਮ
ਅਮਰ ਸ਼ਹੀਦ
ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂਵਾਲੇ
ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ
ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ
ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ
1 ਅਗਸਤ 2024 ਦਿਨ ਵੀਰਵਾਰ ਤੋਂ 7 ਅਗਸਤ 2024 (23ਸਾਵਣ) ਦਿਨ ਬੁੱਧਵਾਰ ਤੱਕ
ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ) ਵਿਖੇ ਕਰਵਾਏ ਜਾ ਰਹੇ ਹਨ।
ਜਿਸ ਵਿੱਚ ਦਮਦਮੀ ਟਕਸਾਲ ਦੇ ਗਿਆਨੀ ਸਿੰਘ ਅਤੇ ਰਾਗੀ ਜਥੇ ਕਥਾ ਕੀਰਤਨ ਸਰਵਣ ਕਰਵਾਉਣਗੇ।
ਸਵੇਰੇ ਕਥਾ ਦਾ ਸਮਾਂ : ਸਵੇਰੇ 6:15 ਵਜੇ ਤੋਂ 7:00 ਵਜੇ ਤੱਕ
ਸ਼ਾਮ ਨੂੰ ਕਥਾ ਦਾ ਸਮਾਂ : ਸ਼ਾਮ 5:30 ਵਜੇ ਤੋਂ 6:15 ਤੱਕ
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 5 ਅਗਸਤ 2024 (21 ਸਾਵਣ) ਦਿਨ ਸੋਮਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ ਮਿਤੀ 7 ਅਗਸਤ 2024 (23ਸਾਵਣ) ਦਿਨ ਬੁੱਧਵਾਰ ਸਮਾਂ ਸਵੇਰੇ 9:30 ਵਜੇ
ਭੋਗ ਉਪਰੰਤ ਸਵੇਰੇ 10:00 ਵਜੇ ਤੋਂ 02:00 ਵਜੇ ਤੱਕ ਮਹਾਨ ਗੁਰਮਤਿ ਸਮਾਗਮ ਹੋਣਗੇ
ਜਿਸ ਵਿੱਚ ਤਖ਼ਤ ਸਾਹਿਬਾਂ ਦੇ ਸਿੰਘ ਸਾਹਿਬਾਨ, ਸੰਤ ਮਹਾਂ ਪੁਰਖ, ਨਿਹੰਗ ਸਿੰਘ ਜਥੇਬੰਦੀਆਂ ਅਤੇ ਕਾਰ ਸੇਵਾ ਵਾਲੇ
ਮਹਾਂ ਪੁਰਖ ਹਾਜ਼ਰੀਆਂ ਭਰਨਗੇ
ਸੋ ਆਪ ਜੀ ਨੂੰ ਬੇਨਤੀ ਹੈ ਆਪ ਜੀ ਨੇ ਸਮੇਂ ਸਿਰ ਆਉਣ ਦੀ ਕ੍ਰਿਪਾਲਤਾ ਕਰਨੀ ਜੀ।
ਵਰਤਮਾਨ ਮੁਖੀ ਦਮਦਮੀ ਟਕਸਾਲ
ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ
(ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ)
ਭਾਈ ਈਸ਼ਰ ਸਿੰਘ
ਜਥੇਦਾਰ ਭਾਈ ਸੁਖਦੇਵ ਸਿੰਘ
98551-17300
6,7 ਅਗਸਤ ਨੂੰ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ,
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ ਕਥਾ ਕਰਨਗੇ


ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ
ਵਿਸ਼ੇਸ਼ ਉਪਰਾਲਾ
ਮਾਤਾ ਗੁਜਰ ਕੌਰ ਜੀ ਵਿੱਦਿਅਕ ਭਲਾਈ ਸਕੀਮ ਤਹਿਤ
ਅੰਮ੍ਰਿਤਧਾਰੀ ਮਾਂ ਬਾਪ ਦੇ ਅੰਮ੍ਰਿਤਧਾਰੀ ਬੱਚਿਆਂ ਨੂੰ ਆਪਣੇ ਵਿੱਦਿਅਕ ਅਦਾਰਿਆਂ ਵਿੱਚ
ਪੜ੍ਹਾਈ ਮੁਫਤ ਅਤੇ ਆਪਣੇ ਕਾਲਜਾਂ ਵਿੱਚ ਦਿੱਤੇ ਜਾਣਗੇ ਵਿਸ਼ੇਸ਼ ਵਜੀਫ਼ੇ
ਵਿੱਦਿਆ ਅਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ ।
ਆਪਣੇ ਬੱਚਿਆਂ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਵਿੱਚ ਦਾਖਲ ਕਰਵਾਓ ਜੀ।
ਗੁਰੂ ਤੇਗ ਬਹਾਦਰ ਖਾਲਸਾ ਪਬਲਿਕ ਸਕੂਲ, ਕੈਂਥਲ
ਦਸ਼ਮੇਸ਼ ਸੀਨੀਅਰ ਸੈਕੰਡਰੀ ਸਕੂਲ, ਕਪਾਲਮੋਚਨ, ਯਮੁਨਾਨਗਰ
ਸੰਤ ਮੋਹਨ ਸਿੰਘ ਮਤਵਾਲਾ ਪਬਲਿਕ ਸਕੂਲ, ਤਿਲੋਕੇਵਾਲਾ, ਸਿਰਸਾ
ਮਾਤਾ ਸੁੰਦਰੀ ਖਾਲਸਾ ਗਰਲਜ ਕਾਲਜ, ਨਿਸਿੰਗ, ਕਰਨਾਲ
ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਖਾਲਸਾ ਕਾਲਜ, ਪੰਜੋਖਰਾ ਸਾਹਿਬ, ਅੰਬਾਲਾ
ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ HSGMC
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ HSGMC


With the blessings of Dhan Dhan Satguru Sahib Sri Guru Granth Sahib Ji
Mahaan Barsi Smagam
&
REMEMBERING THE SHAHEEDS OF 1984
SRI HAZOOR SANT BABA ISHER SINGH JI MAHARAJ
Rara Sahib
SRI MAAN SANT GIANI KARTAR SINGH JI KHALSA
Bhindranwale
Under the Guidance of: Sri Maan Sant Baba Bhagwan Singh Ji Maharaj (Rara Sahib Begowal)
4 DAY MAHAAN OPEN AIR
GURMAT SMAGAM
BANK HOLIDAY WEEKEND
23RD - 26TH AUGUST 2024
Sri Maan Sant Baba Bhagwan Singh Ji Maharaj (Rara Sahib Begowal)
Sri Maan Sant Giani Jarnail Singh Ji Khalsa Bhindranwale (Maujuda Mukhi Damdami Taksal)
SAT 24TH AUG 2024
REHNSBHAI KIRTAN DARBAR
SUN 25TH AUG 2024
SRI DASAM GRANTH SEHAJ PAATH BHOG
MON 26TH AUG 2024
SRI GURU GRANTH SAHIB JI SEHAJ PAATH BHOG
AMRIT SANCHAAR - SUNDAY 25TH AUGUST 2024 - 12PM (HALL 2)
GEORGE ST, WEST BROMWICH, BIRMINGHAM, B70 6NH
(NEXT TO GURU HAR RAI SAHIB GURDWARA)
FOR FURTHER INFORMATION, SEVA AND STALL BOOKINGS PLEASE CONTACT
07977 001313 | 07913 951860 | 07956 007161 | 07590 626176 | 07985 246484
ਆਵਾਜ਼ਿ ਕੌਮ
AWAZE QAUM
International Newspaper & WEB TV



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ
ਮਹਾਨ ਬਰਸੀ ਸਮਾਗਮ
ਅਤੇ ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ
ਸ੍ਰੀ ਹਜ਼ੂਰ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ
ਸ੍ਰੀ ਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ) ਵਾਲਿਆਂ ਦੀ ਰਹਿਨੁਮਾਈ ਹੇਠ
4 ਰੋਜ਼ਾ
ਮਹਾਨ ਗੁਰਮਤਿ ਸਮਾਗਮ
ਬੈਂਕ ਹੋਲੀਡੇਅ ਵੀਕਐਂਡ
23 ਤੋਂ 26 ਅਗਸਤ 2024
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ)
ਸ੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ (ਮੌਜੂਦਾ ਮੁਖੀ ਦਮਦਮੀ ਟਕਸਾਲ)
ਸ਼ਨੀਵਾਰ 24 ਅਗਸਤ 2024
ਰੈਣਸਬਾਈ ਕੀਰਤਨ ਦਰਬਾਰ
ਐਤਵਾਰ 25 ਅਗਸਤ 2024
ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਸੋਮਵਾਰ 26 ਅਗਸਤ 2024
ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਅੰਮ੍ਰਿਤ ਸੰਚਾਰ - ਐਤਵਾਰ 25 ਅਗਸਤ 2024 - ਦੁਪਹਿਰੇ 12 ਵਜੇ (ਹਾਲ 2)
ਜੋਰਜ ਸਟ੍ਰੀਟ, ਵੈਸਟ ਬਰੌਮਵਿਚ, ਬਰਮਿੰਘਮ, B70 6NH
(ਗੁਰੂ ਹਰਿ ਰਾਇ ਸਾਹਿਬ ਗੁਰਦੁਆਰਾ ਦੇ ਪਾਸ)
ਆਵਾਜ਼ਿ ਕੌਮ AWAZE QAUM International Newspaper & WEB TV
ਵਧੇਰੇ ਜਾਣਕਾਰੀ, ਸੇਵਾ ਜਾਂ ਸਟਾਲ ਬੁਕਿੰਗ ਲਈ ਹੇਠ ਦਿੱਤੇ ਨੰਬਰਾਂ ਤੇ ਸੰਪਰਕ ਕਰੋ
07977 001313 | 07913 951860 | 07956 007161 | 07590 626176 | 07985 246484

# ☬ ਡਰਬੀ ਵਿਖੇ ਸ਼ਹੀਦੀ ਟੂਰਨਾਮੈਂਟ ☬

## 4 ਅਗਸਤ 2024 ਦਿਨ ਐਤਵਾਰ ਨੂੰ ਬੜੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ

## G.A.D. KHALSA, KABADDI CLUB DERBY PRESENTS

## SHAHEEDE TOURNAMENT on 4th August 2024 SUNDAY

**FOOTBALL STADIUM, LEICESTER ROAD STADIUM, HINCKLEY, LE10 3DR**



ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ



ਸ਼ਹੀਦ ਭਾਈ ਬੇਅੰਤ ਸਿੰਘ



ਸ਼ਹੀਦ ਭਾਈ ਸਤਵੰਤ ਸਿੰਘ



ਸ਼ਹੀਦ ਭਾਈ ਅਮਰੀਕ ਸਿੰਘ



ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ



ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ



ਸ਼ਹੀਦ ਜਨਰਲ ਸੁਬੇਗ ਸਿੰਘ

ਜੀ ਏ ਡੀ ਖਾਲਸਾ ਡਰਬੀ ਵੱਲੋਂ ਡਰਬੀ ਦੇ ਸਮੂਹ ਗੁਰਦੁਆਰਾ ਸਾਹਿਬਾਨ ਦੇ ਸਹਿਯੋਗ ਨਾਲ ਸ਼ਹੀਦੀ ਟੂਰਨਾਮੈਂਟ ਉਪਰ ਦਿੱਤੇ ਅਨੁਸਾਰ ਹੈਂਕਲੀ ਦੀਆਂ ਗਰਾਊਂਡਾਂ ਵਿੱਚ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਕਬੱਡੀ ਟੀਮਾਂ ਦੇ ਫਸਵੇਂ ਮੁਕਾਬਲੇ ਹੋਣਗੇ। ਸਮੂਹ ਡਰਬੀ ਅਤੇ ਯੂ ਕੇ ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਮਾਂ-ਖੇਡ ਕਬੱਡੀ ਮੇਲੇ ਦਾ ਅਨੰਦ ਮਾਣੋ ਅਤੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰਦੇ ਹੋਏ ਮੇਲੇ ਨੂੰ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਾਮਯਾਬ ਕਰੋ। ਡਰਬੀ ਦੇ ਸਾਰੇ ਗੁਰੂ ਘਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਜਾਂਦਾ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਇਸੇ ਤਰ੍ਹਾਂ ਹੀ ਅੱਗੇ ਤੋਂ ਵੀ ਸਾਥ ਦਿੰਦੇ ਰਹਿਣ।

**ਟਿਕਟ :- ਦਾਖਲਾ ਫੀਸ 15 ਪੌਂਡ ਹੈ**

## ਕੁਝ ਖਾਸ ਧਿਆਨਯੋਗ ਗੱਲਾਂ:

ਇਹ ਟੂਰਨਾਮੈਂਟ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਅਸੂਲਾਂ ਮੁਤਾਬਿਕ ਹੋ ਰਿਹਾ ਹੈ। * ਰੈਫਰੀ ਦਾ ਫੈਸਲਾ ਆਖਰੀ ਹੋਵੇਗਾ । * ਹਰ ਇੱਕ ਟੀਮ ਦਾ ਕੋਚ ਅਤੇ ਮੈਨੇਜਰ ਹੀ ਗਰਾਊਂਡ ਵਿੱਚ ਜਾ ਸਕਦੇ ਹਨ। * ਸ਼ਰਾਬ, ਮੀਟ ਅਤੇ ਨਸ਼ੇ ਦੀ ਵਰਤੋਂ ਦੀ ਸਖਤ ਮਨਾਹੀ ਹੈ ਪੁਲੀਸ ਵੱਲੋਂ ਗੱਡੀਆਂ ਚੈੱਕ ਕੀਤੀਆਂ ਜਾਣਗੀਆਂ, ਸ਼ਰਾਬ ਜਾਂ ਹੋਰ ਕਿਸੇ ਤਰ੍ਹਾਂ ਦਾ ਵੀ ਨਸ਼ਾ ਜ਼ਬਤ ਕਰ ਲਿਆ ਜਾਵੇਗਾ। ਭਾਵੇਂ ਉਹ ਕਿਸੇ ਕਲੱਬ ਜਾਂ ਘਰੇਲੂ ਕਲੱਬ ਦਾ ਪ੍ਰਮੋਟਰ ਵੀ ਕਿਉਂ ਨਾ ਹੋਵੇ।

* ਹਰੇਕ ਕਲੱਬ ਆਪਣੇ ਖਿਡਾਰੀਆਂ ਦੀ ਇੰਨਸ਼ੋਰੈਂਸ ਅਤੇ ਯੂਨੀਫਾਰਮ ਦੀ ਆਪ ਜਿੰਮੇਵਾਰ ਹੋਵੇਗੀ, ਕਿਸੇ ਵੀ ਮਸਲੇ ਸਬੰਧੀ ਆਖਰੀ ਫੈਸਲਾ ਟੂਰਨਾਮੈਂਟ ਕਮੇਟੀ ਦਾ ਹੋਵੇਗਾ।
* ਸਕਿਊਰਿਟੀ ਦਾ ਪੂਰਾ ਪ੍ਰਬੰਧ ਹੋਵੇਗਾ ਅਤੇ ਗੱਡੀਆਂ ਦੀ ਤਲਾਸ਼ੀ ਲਈ ਜਾਵੇਗੀ।
* ਟੂਰਨਾਮੈਂਟ ਕਮੇਟੀ ਕਿਸੇ ਵੀ ਸ਼ੱਕੀ ਵਿਅਕਤੀ ਨੂੰ ਦਾਖਲੇ ਤੋਂ ਮਨ੍ਹਾ ਕਰ ਸਕਦੀ ਹੈ।
* 5 ਮਿੰਟ ਤੋਂ ਵੱਧ ਲੇਟ ਹੋਣ ਵਾਲੀ ਟੀਮ ਨੂੰ ਸਕਰੈਚ ਕਰ ਦਿੱਤਾ ਜਾਵੇਗਾ ਅਤੇ ਟੀਮ ਨੂੰ ਫੈਡਰੇਸ਼ਨ ਦੇ ਅਸੂਲਾਂ ਮੁਤਾਬਕ ਜੁਰਮਾਨਾ ਵੀ ਭਰਨਾ ਪਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV



## ਬੇਨਤੀ ਕਰਤਾ - ਜੀ ਏ ਡੀ ਖਾਲਸਾ ਕਬੱਡੀ ਕਲੱਬ ਡਰਬੀ ਅਤੇ ਸਮੂਹ ਗੁਰਦੁਆਰਾ ਸਾਹਿਬ ਡਰਬੀ

ਚੇਅਰਮੈਨ - ਸੁਖਦੇਵ ਸਿੰਘ ਅਟਵਾਲ, ਕੁਲਵਿੰਦਰ ਸਿੰਘ ਛੋਕਰ, ਜਸਵੀਰ ਸਿੰਘ ਢਿੱਲੋਂ, ਹਰਚਰਨ ਸਿੰਘ ਬੋਲਾ, ਨਛੱਤਰ ਸਿੰਘ ਛੋਕਰ, ਮਹਿੰਦਰ ਸਿੰਘ ਮਾਨ, ਬਾਘਾ ਕਲਪੇਤਾ, ਬੂਟਾ ਸਿੰਘ ਸਹੋਤਾ, ਜੱਸ ਸਿੰਘ ਛੋਕਰ, ਜਸ਼ਨ ਸਿੰਘ, ਸਨੀ ਚੀਮਾ, ਜੀਤਾ ਨਵਾਂ ਸ਼ਹਿਰੀਆ, ਦੀਪਾ ਭੰਗਲ, ਮਹਿੰਦਰ ਸਿੰਘ ਨਾਗਰਾ, ਰਿੱਕੀ ਜੌਹਲ, ਹਰਪ੍ਰੀਤ ਸਿੰਘ ਛੋਕਰ, ਸ਼ਮਸ਼ੇਰ ਸਿੰਘ, ਰੂਬਲ ਸਿੰਘ, ਇੰਦਰਜੀਤ ਸਿੰਘ, ਜਸਵੀਰ ਸ਼ੀਰਾ, ਬਿੰਦਾ ਬੰਸੀਆਂ, ਅਮਰੀਕ ਸਿੰਘ ਮਾਹਲਪੁਰੀਆ, ਤਰਲੋਚਨ ਸਿੰਘ ਬਿਣਿੰਗ, ਗੁਰਮੇਲ ਸਿੰਘ ਕੰਗ, ਹੈਪੀ ਬਿਲਡਰ, ਚੀਮਾ ਬਿਲਡਰ, ਸੁੱਖਾ ਚੱਕਾਂ ਵਾਲਾ, ਗੋਪੀ ਪੰਨੂਆ, ਸੋਨੀ ਲੰਬੜ, ਵਰਿਆਮ ਸਿੰਘ, ਸੁਖਜੀਤ ਸਿੰਘ ਜੌਹਲ, ਰਜਿੰਦਰ ਸਿੰਘ ਪੁਰੇਵਾਲ, ਜਸਵੀਰ ਸਿੰਘ ਜੌਹਲ, ਬਲਵੀਰ ਸਿੰਘ ਸੰਧੂ ਕੌਂਸਲਰ, ਅਮਰੀਕ ਸਿੰਘ ਧਾਮੀ, ਅਮਰਜੀਤ ਸਿੰਘ ਤਾਰੀ ਬਿਧੀਪੁਰੀਆ, ਬਿੱਕਰ ਸਿੰਘ ਚਾਹਲ, ਹਰਦਿਆਲ ਸਿੰਘ ਧਮੜੈਤ, ਡਾ: ਖੇਲਾ, ਸੰਦੀਪ ਸਿੰਘ, ਸੁੱਚਾ ਸਿੰਘ ਬਿਣਿੰਗ, ਸਿਕੰਦਰ ਸਿੰਘ, ਸੁਖਪਾਲ ਸਿੰਘ ਪੱਡਾ, ਜਗਜੀਵਨ ਸਿੰਘ, ਗੁਰਵਿੰਦਰ ਸਿੰਘ, ਧਾਲੀਵਾਲ, ਬਲਵਿੰਦਰ ਸਿੰਘ ਛੋਕਰ, ਗੁਰਸੇਵਕ ਸਿੰਘ ਗਿੱਲ, ਪਵਨਦੀਪ ਸਿੰਘ, ਗੈਰੀ ਸੰਧੂ, ਹਰਦੀਪ ਸਿੰਘ, ਕਾਲਾ ਮੰਨਣ, ਮਨੀ ਬੈਂਸ, ਮਨਜਿੰਦਰ ਇਟਲੀ, ਬਿੰਦਾ ਚਾਹਲ, ਸੰਦੀਪ ਬਾਊਂਸਰ, ਤਲਮਣ ਸਿੰਘ, ਸੰਨੀ ਚਾਹਲ, ਸਤਨਾਮ ਸਿੰਘ, ਜੱਸੀ ਆਲਮਗੀਰ, ਜਤਿੰਦਰ ਸਿੰਘ, ਪਰਮ ਮਾਨਚੈਸਟਰ, ਐਮ ਪੀ ਬੀ ਗੈਂਗ, ਹਰਜਿੰਦਰ ਸਿੰਘ ਸੰਧਰ (ਬੋਈ) ਅਤੇ ਡਰਬੀ ਦੇ ਸਾਰੇ ਗੁਰਦੁਆਰਾ ਸਾਹਿਬਾਨ।

**PLEASE CONTACT FOR MORE INFORMATION:**

**Kulwinder Singh Chhokar 07974 875427 - Harjinder Singh Boy 07852 100653**

**ਜਾਰੀ ਕਰਤਾ**

**GURU ARJAN DEV KHALSA KABADDI CLUB DERBY**


**ALL GURDWARA SAHIBS OF DERBY AND SUPPORTERS**

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




# ਮਹਾਨ ਅਵਤਾਰ ਪੁਰਬ

ਅਵਤਾਰ ਪੁਰਬ ਬਾਲਾਂ ਪ੍ਰੀਤਮ ਧੰਨ ਸ਼੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

ਸ਼ਨਿੱਚਰਵਾਰ 3 ਅਗਸਤ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।

ਐਤਵਾਰ 4 ਅਗਸਤ 2024 ਨੂੰ 6:30 ਵਜੇ ਸਵੇਰੇ ਚੌਪੈਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ

ਕਥਾ ਵਾਚਕ ਭਾਈ ਨਿਰੰਕਾਰ ਸਿੰਘ ਬੰਬੇ ਵਾਲੇ ਕਥਾ ਰਾਹੀਂ ਗੁਰਬਾਣੀ ਕਥਾ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਛਬੀਲ ਵੀ ਲੱਗੇਗੀ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

### ਵਾਤਾਵਰਨ ਦੀ ਸ਼ੁੱਧਤਾ ਲਈ

# ਵੱਧ ਤੋਂ ਵੱਧ ਪੌਦੇ ਲਾਉਣਾ ਸਮੇਂ ਦੀ ਮੁੱਖ ਲੋੜ : ਕਿਲਾ ਹਕੀਮਾਂ

**ਸ਼ੇਰਪੁਰ ( ਰਣਜੀਤ ਸਿੰਘ ਪੇਧਨੀ )**-ਵੱਖ-ਵੱਖ ਕਿਸਮ ਦੇ ਪੌਦੇ ਜਿਨਾਂ ਵਿੱਚ ਜਾਮਣ, ਨਿੰਮ, ਟਾਹਲੀ, ਬੋਹੜ, ਪਿੱਪਲ, ਅਮਰੂਦ, ਸੁਹਾਜਣਾ ਤੇ ਹੋਰ ਇਹੋ ਜਿਹੇ ਬੂਟੇ ਲਗਾਏ ਜਾਣ ਜੋ ਕਿ ਇਨਸਾਨ ਨੂੰ ਦਵਾਈ ਦੇ ਰੂਪ ਵਿੱਚ ਵੀ ਕੰਮ ਆਉਣ। ਇਹਨਾਂ ਬੂਟਿਆਂ ਨੂੰ ਲਗਾਉਣ ਦੇ ਨਾਲ ਨਾਲ ਇਹਨਾਂ ਦੀ ਸਾਂਭ ਸੰਭਾਲ ਕਰਨਾ ਸਾਡਾ ਮੁੱਢਲਾ ਫਰਜ਼ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਯੂਥ ਆਗੂ ਅਮਰੀਕ ਸਿੰਘ ਕਿਲਾ ਹਕੀਮਾਂ ਨੇ ਕੀਤਾ । ਜਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬੀਬੀ ਸਰਨਜੀਤ ਕੌਰ ਕਿਲਾ ਹਕੀਮਾ ਮੈਬਰ ਸ੍ਰੋਮਣੀ ਕਮੇਟੀ ਹਲਕਾ ਧੂਰੀ ਵੱਲੋਂ ਹੋਏ ਆਦੇਸ਼ ਅਨੁਸਾਰ ਵਾਤਾਵਰਣ ਸੰਭਾਲ ਲਹਿਰ ਤਹਿਤ



ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਮੂਲੋਵਾਲ (ਸੰਗਰੂਰ) ਵਿਖੇ ਗੁਰਦੁਆਰਾ ਮੰਜੀ ਸਾਹਿਬ ਦੇ ਮੈਨੇਜਰ ਸ. ਹਰਵਿੰਦਰ ਸਿੰਘ ਚੰਗਾਲ ਅਤੇ

ਅਤੇ ਸਮੂਹ ਸਟਾਫ਼ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਵੱਖ-ਵੱਖ ਕਿਸਮਾਂ ਦੇ ਫਲਦਾਰ ਅਤੇ ਛਾਂਦਾਰ ਬੂਟੇ ਲਗਾਏ ਗਏ। ਉਹਨਾਂ ਕਿਹਾ ਕਿ ਬੂਟੇ ਆਪਾਂ ਲਗਾ ਦਿੰਦੇ ਹਾਂ ਪਰ ਉਹਨਾਂ ਦੀ ਸਾਂਭ ਸੰਭਾਲ ਕਰਨ ਵਿੱਚ ਕੁਤਾਹੀ ਵਰਤਦੇ ਹਾਂ, ਜੋ ਕਿ ਨਹੀਂ ਵਰਤਣੀ ਚਾਹੀਦੀ। ਇਹ ਫਲ ਬੂਟੇ ਦਰਖਤ ਅਨਮੋਲ ਖਜ਼ਾਨਿਆਂ ਨੂੰ ਸਾਂਭਣਾ ਸਾਡਾ ਸਾਰਿਆਂ ਦਾ ਫਰਜ ਹੈ। ਇਹ ਦਰੱਖਤ ਬੂਟੇ ਆਪਾਂ ਨੂੰ ਜਿਉਣ ਲਈ ਸ਼ੁੱਧ ਆਕਸੀਜਨ ਦਿੰਦੇ ਹਨ। ਜਿਸ ਦੇ ਨਾਲ ਵਾਤਾਵਰਨ ਵੀ ਸ਼ੁੱਧ ਹੁੰਦਾ ਹੈ, ਪੰਜਾਬ ਅੰਦਰ ਘੱਟ ਰਹੀ ਦਰਖਤਾਂ ਦੀ ਗਿਣਤੀ ਆਉਣ ਵਾਲੇ ਸਮੇਂ ਲਈ ਘਾਤਕ ਸਿੱਧ ਹੋਵੇਗੀ। ਇਸ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ, ਦਰਖਤ ਲਗਾਉਣੇ ਚਾਹੀਦੇ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਸੁਖਦੇਵ ਸਿੰਘ ਅਲਾਲ, ਹੈਡ ਗ੍ਰੰਥੀ ਗੁਰਧਿਆਨ ਸਿੰਘ ਹਾਜ਼ਰ ਸਨ।

### ਜ਼ਿਲ੍ਹਾ ਲੁਧਿਆਣਾ ਵਿੱਚ ਚੱਲ ਰਹੇ

# ਬਾਲ ਸੰਸਦ ਪ੍ਰੋਗਰਾਮ ਲਈ ਸਰਕਾਰੀ ਪ੍ਰਾਇਮਰੀ ਸਕੂਲ ਮਲਕ ਚੁਣਿਆ ਗਿਆ





ਲੁਧਿਆਣਾ -(ਵਰਿਆਮ ਹਠੂਰ) ਮਹਾਂਨਗਰ ਲੁਧਿਆਣਾ ਵਿਖੇ ਚੱਲ ਰਹੇ ਬਾਲ ਸੰਸਦ ਪ੍ਰੋਗਰਾਮ ਵਾਸਤੇ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਮਲਕ ਦੀ ਚੋਣ ਹੋਈ, ਗੱਲਬਾਤ ਕਰਦਿਆਂ ਮਾਸਟਰ ਸਤਨਾਮ ਸਿੰਘ ਹਠੂਰ ਨੇ ਕਿਹਾ ਕਿ ਮਲਕ ਸਕੂਲ ਦੇ ਦੋ ਅਧਿਆਪਕ ਸ਼੍ਰੀ ਮਤੀ ਸ਼ੁਭਜੀਤ ਕੌਰ ਅਤੇ ਸ਼੍ਰੀ ਮਤੀ ਮੋਨਿਕਾ ਗੁਪਤਾ ਨੇ ਤਿੰਨ

## ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸੁਖਦੇਵ ਸਿੰਘ ਹਠੂਰੀਆ ਨੇ ਦਿੱਤੀਆਂ ਵਧਾਈਆਂ

ਰੋਜ਼ਾ ਟਰੇਨਿੰਗ ਲਗਾਈ ਹੈ। ਤੇ ਇਸ ਦੌਰਾਨ ਦੋਨਾਂ ਅਧਿਆਪਕਾਂ ਨੂੰ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਸਰਟੀਫਿਕੇਟ ਦਿੱਤੇ ਗਏ। ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ. ਸੁਖਦੇਵ ਸਿੰਘ ਹਠੂਰੀਆ ਅਤੇ ਸੈਂਟਰ ਹੈੱਡ ਟੀਚਰ ਸ. ਪ੍ਰਿਤਪਾਲ ਸਿੰਘ ਵੱਲੋਂ ਇਹਨਾਂ ਹੋਣਹਾਰ ਅਧਿਆਪਕਾਂ ਨੂੰ ਵਧਾਈਆਂ ਦਿੱਤੀਆਂ ਗਈਆਂ, ਮਾਸਟਰ ਸਤਨਾਮ ਸਿੰਘ ਹਠੂਰ ਨੇ ਕਿਹਾ ਕਿ ਉਦੇਸ਼ ਮਿੱਥਣ ਵਾਲੇ, ਬੀੜਾ ਚੁੱਕਣ ਵਾਲੇ, ਮੁਹਿੰਮ ਚਲਾਉਣ ਵਾਲੇ, ਜਦੋਜਹਿਦ ਕਰਨ ਵਾਲੇ ਅਢੁੱਕਵੇਂ ਸਮੇਂ ਨੂੰ ਵੀ ਅੱਗੇ ਲਾ ਲੈਂਦੇ ਹਨ। ਕੁਝ ਨਾ ਕੁਝ ਕਰਦੇ ਰਹਿਣ, ਕੁਝ ਨਵਾਂ ਪੜ੍ਹਦੇ, ਸਿੱਖਦੇ, ਲਿਖਦੇ ਰਹਿਣ ਵਾਲੇ ਅਤੇ ਨਵੇਂ ਲੋਕਾਂ ਦੇ ਸੰਪਰਕ ਵਿਚ ਆਉਣ ਵਾਲੇ ਦਰਿਆਵਾਂ ਦੇ ਵਹਿਣ ਮੋੜ ਦਿੰਦੇ ਹਨ। ਕੁਝ ਕਰਦੇ ਰਹੋਗੇ, ਚਲਦੇ ਰਹੋਗੇ, ਰਸਤੇ ਬਣਦੇ ਜਾਣਗੇ, ਲੋਕ ਰਲਦੇ ਰਹਿਣਗੇ ਅਤੇ ਤਾਕਤ ਮਿਲਦੀ ਰਹੇਗੀ ਹਠੂਰ ਨੇ ਅੱਗੇ ਕਿਹਾ ਕਿ ਇਹ ਬਾਲ ਸਭਾ ਪ੍ਰੋਗਰਾਮ ਪੰਜਾਬ ਵਿੱਚ ਇਸ ਤਰ੍ਹਾਂ ਦਾ ਪਹਿਲਾ ਪ੍ਰੋਗਰਾਮ ਹੈ। ਤੇ ਖਾਸਕਰ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਸਨ। ਗੱਲਬਾਤ ਕਰਦਿਆਂ ਸ਼੍ਰੀ ਮਤੀ ਸੁਭਜੀਤ ਕੌਰ ਅਤੇ ਮੋਨਿਕਾ ਗੁਪਤਾ ਨੇ ਕਿਹਾ ਕਿ ਇਹ ਪ੍ਰੋਗਰਾਮ ਵਿਜ਼ਡਮ ਫਾਉਂਡੇਸ਼ਨ ਦੁਆਰਾ ਕਰਵਾਇਆ ਗਿਆ ਹੈ। ਇਸ ਵਿੱਚ ਬੱਚਿਆਂ ਨੂੰ ਜਿੰਮੇਵਾਰ ਨਾਗਰਿਕ ਬਣਾਉਣ ਅਤੇ ਮਜ਼ਬੂਤ ਲੋਕਤੰਤਰ ਨਾਲ ਜੋੜਨ ਅਤੇ ਫ਼ੈਸਲਾ ਲੈਣ ਦੀ ਸਮਝ ਵਿਕਸਤ ਕਰਨ ਲਈ ਉਲੀਕਿਆ ਗਿਆ ਹੈ। ਇਸ ਮੌਕੇ ਇਸ ਮੌਕੇ ਸ੍ਰੀਮਤੀ ਸੁਮਨ ਕੁਮਾਰੀ, ਸਤਨਾਮ ਸਿੰਘ, ਭਜਨ ਸਿੰਘ, ਮਨਦੀਪ ਸਿੰਘ, ਜਗਰਾਜ ਸਿੰਘ, ਸੁਖਜੀਵਨ ਕੌਰ, ਹਰਦੀਪ ਕੌਰ, ਬਲਜੀਤ ਕੌਰ, ਹਰਪ੍ਰੀਤ ਕੌਰ, ਰਜਨੀ ਅਤੇ ਬਰਜਿੰਦਰ ਕੌਰ ਹਾਜ਼ਰ ਸਨ।




# ਅਜੋਕੀ ਨੌਜਵਾਨ ਪੀੜ੍ਹੀ ਆਧੁਨਿਕ ਸਹੂਲਤਾਂ ਦਾ ਦੁਰਉਪਯੋਗ ਕਰ ਰਹੀ ਹੈ:- ਪ੍ਰਿੰਸੀਪਲ ਪੁਨੀਤ ਪੁਰੀ

**ਚੌਕ ਮਹਿਤਾ, 1 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਆਧੁਨਿਕ ਪੀੜ੍ਹੀ ਆਧੁਨਿਕ ਸਹੂਲਤਾਂ ਤੋਂ ਐਨੀ ਭਰਪੂਰ ਹੋ ਚੁੱਕੀ ਹੈ ਕਿ ਉਨ੍ਹਾਂ ਦਾ ਰੂਟੀਨ ਉਸਦੇ ਚਾਰੋਂ ਪਾਸੇ ਉੱਲਝਿਆਂ ਰਹਿੰਦਾ ਹੈ ਜਿਸਦਾ ਨਤੀਜਾ ਹੈ ਉਨ੍ਹਾਂ ਦੀ ਸਿਹਤ ਦਾ ਸੱਤਿਆਨਾਸ਼ ਵੈਸੇ ਨੌਜਵਾਨ ਪੀੜ੍ਹੀ ਕਾਫ਼ੀ ਸਮਾਰਟ ਅਤੇ ਤੇਜ਼ ਬੁੱਧੀ ਵਾਲੀ ਹੈ ਬਹੁਤ ਸਾਰੇ ਨੌਜਵਾਨ ਤਾਂ ਇਨ੍ਹਾਂ ਸਹੂਲਤਾਂ ਦੀ ਵਰਤੋਂ ਆਪਣੀ ਸਹੂਲੀਅਤ ਅਤੇ ਜ਼ਰੂਰਤ ਲਈ ਕਰਦੇ ਹਨ ਪਰ ਕੁਝ ਉਨ੍ਹਾਂ ਦੀ ਅਤਿ ਕਰਕੇ ਆਪਣਾ ਨੁਕਸਾਨ ਕਰ ਲੈਂਦੇ ਹਨ ਆਓ ਜਾਣਦੇ ਹਾਂ:-



**ਤੇਜ਼ ਮਿਊਜ਼ਿਕ ਸੁਣਨਾ:** ਅੱਜ ਦੇ ਨੌਜਵਾਨ ਕੰਨਾਂ 'ਚ ਈਅਰ ਪਲੱਗ ਲਗਾ ਕੇ ਤੇਜ਼ ਆਵਾਜ਼ 'ਚ ਮਿਊਜ਼ਿਕ ਸੁਣਨਾ ਆਪਣੀ ਸ਼ਾਨ ਸਮਝਦੇ ਹਨ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਰਿਲੈਕਸ ਮਹਿਸੂਸ ਕਰ ਰਹੇ ਹਨ ਜਦਕਿ ਲਗਾਤਾਰ ਤੇਜ਼ ਆਵਾਜ਼ 'ਚ ਮਿਊਜ਼ਿਕ ਸੁਣਨਾ, ਉਹ ਵੀ ਈਅਰ ਪਲੱਗ ਨਾਲ ਉਨ੍ਹਾਂ ਦੇ ਕੰਨ ਅਤੇ ਦਿਲ ਦੋਵਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਅੱਜ ਦਾ ਮਿਊਜਿਕ ਬਹੁਤ ਅਜੀਬੋ-ਗਰੀਬ ਅਵਾਜ਼ਾਂ ਵਾਲਾ ਹੁੰਦਾ ਹੈ ਜੋ ਨੁਕਸਾਨ ਜ਼ਿਆਦਾ ਪਹੁੰਚਾਉਂਦਾ ਹੈ, ਰਿਲੈਕਸੇਸ਼ਨ ਘੱਟ।

ਲਗਾਤਾਰ ਉਤੇਜਿਤ ਕਰਨ ਵਾਲਾ ਮਿਊਜਿਕ ਦਿਮਾਗ 'ਚ ਸੰਤੁਲਨ ਦੀ ਸਮੱਸਿਆ ਲਿਆ ਸਕਦਾ ਹੈ ਜੇਕਰ ਤੁਸੀਂ ਮਿਊਜਿਕ ਦੇ ਸ਼ੌਕੀਨ ਹੋ ਤਾਂ ਹੌਲੀ ਆਵਾਜ਼ 'ਚ ਦਿਮਾਗ ਨੂੰ ਰਿਲੈਕਸ ਕਰਨ ਵਾਲਾ ਸਾਫਟ ਮਿਊਜਿਕ ਸੁਣੋ ਜੋ ਤੁਹਾਡੇ ਦਿਮਾਗ ਨੂੰ ਸ਼ਾਂਤ ਬਣਾਏਗਾ ਸ਼ਾਂਤ ਦਿਮਾਗ ਹੀ ਸਹੀ ਕੰਮ ਕਰਨ ਲਾਇਕ ਹੁੰਦਾ ਹੈ ਇਸ ਨਾਲ ਤੁਹਾਡੇ ਕੰਨ ਅਤੇ ਦਿਲ ਦੋਵਾਂ ਨੂੰ ਰਾਹਤ ਮਹਿਸੂਸ ਹੋਵੇਗੀ।

**ਲਗਾਤਾਰ ਜ਼ਿਆਦਾ ਬੋਲਣਾ:-** ਜਿੰਨਾ ਅਸੀਂ ਇੰਟਰਨੈੱਟ ਤੋਂ ਪੜ੍ਹਕੇ ਅਪਣੇ ਗਿਆਨ ਵਧਾਉਂਦੇ ਹਾਂ, ਸਾਨੂੰ ਸਭ ਨੂੰ ਸ਼ੌਂਕ ਹੁੰਦਾ ਹੈ ਕਿ ਅਪਣਾ ਗਿਆਨ ਦੂਜਿਆਂ ਨਾਲ ਸ਼ੇਅਰ ਕਰੀਏ ਇਸ ਆਦਤ ਦੇ ਪੈਣ ਨਾਲ ਸਾਨੂੰ ਜ਼ਿਆਦਾ ਬੋਲਣ ਦੀ ਆਦਤ ਪੈ ਜਾਂਦੀ ਹੈ ਜੋ ਦਿਮਾਗ ਨੂੰ ਬਿਨਾਂ ਕੋਈ ਠੋਸ ਕੰਮ ਕੀਤੇ ਥੱਕਾ ਦਿੰਦੀ ਹੈ ਲੜਕੀਆਂ 'ਚ ਵੈਸੇ ਹੀ ਜ਼ਿਆਦਾ ਗੱਪਾਂ ਕਾਰਨ ਦੀ ਆਦਤ ਹੁੰਦੀ ਹੈ ਇਸੇ ਤਰ੍ਹਾ ਸੈਲਸਮੈਨ ਜਾਂ ਮਾਰਕਟਿੰਗ ਵਾਲੇ ਵਿਅਕਤੀਆਂ ਨੂੰ ਵੀ ਬਹੁਤ ਬੋਲਣ ਦੀ ਆਦਤ ਪੈ ਜਾਂਦੀ ਹੈ। ਜੋ ਬਿਨਾਂ ਵਜ੍ਹਾ ਵੀ ਬੋਲਣਾ ਪਸੰਦ ਕਰਦੇ ਹਨ ਚਾਹੇ ਸਾਹਮਣੇ ਵਾਲਾ ਬੋਰ ਕਿਉਂ ਨਾ ਹੋ ਰਿਹਾ ਹੋਵੇ ਜ਼ਿਆਦਾ ਬੋਲਣ ਨਾਲ ਤੁਸੀਂ ਕਦੇ-ਕਦੇ ਅਜਿਹਾ ਕੁਝ ਵੀ ਬੋਲ ਜਾਂਦੇ ਹੋ ਜੋ ਦੂਜਿਆਂ ਨੂੰ ਹਰਟ ਕਰ ਸਕਦਾ ਹੈ ਜਿਸ ਨਾਲ ਰਿਸ਼ਤਿਆਂ 'ਚ ਤ੍ਰੇੜ ਆ ਜਾਂਦੀ ਹੈ ਕਈ ਵਾਰ ਇੱਕ ਦੂਜੇ ਦੀ ਗੱਲ ਦੂਜੇ ਸਾਹਮਣੇ ਰੱਖ ਦਿੰਦੇ ਹਾਂ ਜੋ ਠੀਕ ਨਹੀਂ ਹੁੰਦਾ ਅਤੇ ਕਦੇ-ਕਦੇ ਆਪਣੇ ਸੀਕਰੇਟ ਵੀ ਖੁੱਲ੍ਹ ਜਾਂਦੇ ਹਨ ਇਸ ਨਾਲ ਐਨਰਜ਼ੀ ਵਿਅਰਥ ਜਾਂਦੀ ਹੈ ਆਪਣੀ ਊਰਜਾ ਨੂੰ ਬਚਾ ਕੇ ਰੱਖਣ ਲਈ ਘੱਟ ਬੋਲਣਾ ਹਰ ਹਾਲ 'ਚ ਤੁਹਾਡੇ ਲਈ ਲਾਭਦਾਇਕ ਹੋਵੇਗਾ।

**ਕਸਰਤ ਨਾ ਕਰਨਾ :** ਕਸਰਤ ਸਾਡੇ ਸਰੀਰ, ਦਿਲ ਅਤੇ ਦਿਮਾਗ ਨੂੰ ਸਹੀ ਰੱਖਦੀ ਹੈ, ਇਸ ਲਈ ਨਿਯਮਤ ਕਸਰਤ ਕਰਨਾ ਸਾਡੇ ਲਈ ਲਾਭਦਾਇਕ ਹੈ ਪਰ ਨੌਜਵਾਨ ਸੋਚਦੇ ਹਨ ਕਿ ਹਾਲੇ ਤਾਂ ਸਾਡੇ ਖਾਣ-ਪੀਣ ਅਤੇ ਮਸਤੀ ਮਾਰਨ ਦੇ ਦਿਨ ਹਨ ਬਾਅਦ 'ਚ ਕਸਰਤ ਕਰ ਲਵਾਂਗੇ ਹਾਲੇ ਤਾਂ ਉਮਰ ਪਈ ਹੈ ਉਹ ਇਹ ਨਹੀਂ ਜਾਣਦੇ ਕਿ ਜ਼ਿਆਦਾ ਮਸਤੀ ਉਨ੍ਹਾਂ ਦੀ ਸਿਹਤ 'ਤੇ ਕਿੰਨੀ ਭਾਰੀ ਪੈ ਸਕਦੀ ਹੈ ਯੋਗ, ਸੈਰ, ਔਰੋਬਿਕੇਸ, ਬਰਿਸਕ ਵਾੱਕ, ਪਾਵਰਯੋਗਾ, ਤੈਰਾਕੀ, ਸਾਈਕਲਿੰਗ ਕਰ ਕੇ ਤੁਸੀਂ ਆਪਣੇ ਸਰੀਰ ਅਤੇ ਮਨ ਦੋਵਾਂ ਨੂੰ ਖੁਸ਼ ਅਤੇ ਸਿਹਤਮੰਦ ਰੱਖ ਸਕਦੇ ਹੋ। ਜੇਕਰ ਨਿਯਮਤ ਕਸਰਤ ਨਹੀਂ ਕਰੋਗੇ ਤਾਂ ਕਈ ਸਰੀਰਕ ਰੋਗ ਲੱਗ ਸਕਦੇ ਹਨ ਜੇਕਰ ਤਨ ਠੀਕ ਨਹੀਂ ਰਹੇਗਾ ਤਾਂ ਮਨ ਨਿਰਾਸ਼ਾ ਨਾਲ ਭਰ ਜਾਏਗਾ ਅਤੇ ਦਿਮਾਗ ਨੂੰ ਸਹੀ ਆਕਸੀਜਨ ਦੀ ਮਾਤਰਾ ਨਾ ਮਿਲਣ ਨਾਲ ਸਾਡਾ ਦਿਮਾਗ ਵੀ ਢਿੱਲਾ ਪੈ ਸਕਦਾ ਹੈ ਆਪਣੇ ਖ਼ੂਨ ਦੇ ਸੰਚਾਰ ਨੂੰ ਸੁਚਾਰੂ ਰੱਖਣ ਲਈ ਕਸਰਤ ਕਰਨਾ ਬਹੁਤ ਜ਼ਰੂਰੀ ਹੈ ਤਾਂ ਕਿ ਤਨ, ਮਨ ਸਿਹਤਮੰਦ ਰਹਿਣ।

**ਆਧੁਨਿਕ ਗੈਜੇਟਸ ਦੀ ਜ਼ਿਆਦਾ ਵਰਤੋਂ:** ਸਮਾਰਟਫੋਨ, ਟੀਵੀ, ਆਈਪੈਡ, ਮਿਊਜਿਕ ਸਿਸਟਮ, ਟੈਬਲੇਟ, ਕੰਪਿਊਟਰ, ਲੈਪਟਾਪ ਇਨ੍ਹਾਂ ਗੈਜੇਟਸਾਂ ਨਾਲ ਨੌਜਵਾਨ ਹਰ ਸਮੇਂ ਕਿਸੇ ਨਾ ਕਿਸੇ ਰੂਪ ਨਾਲ ਜੁੜਿਆ ਰਹਿੰਦਾ ਹੈ ਜੋ ਉਨ੍ਹਾਂ ਦੀ ਸਿਹਤ ਲਈ ਨੁਕਸਾਨਦੇਹ ਹੈ ਕਦੇ-ਕਦੇ ਨੌਜਵਾਨ ਇੱਕ ਹੀ ਸਮੇਂ 'ਚ ਦੋ ਉਪਕਰਣਾਂ ਦੀ ਵਰਤੋਂ ਕਰਦੇ ਹਨ ਜੋ ਠੀਕ ਨਹੀਂ ਇਹ ਗੈਜੇਟਸ ਸਾਡੇ ਆਰਾਮ ਅਤੇ ਆਸਾਨੀ ਲਈ ਠੀਕ ਜ਼ਰੂਰ ਹਨ ਪਰ ਜ਼ਿਆਦਾ ਨਿਰਭਰਤਾ ਸਾਨੂੰ ਨੁਕਸਾਨ ਪਹੁੰਚਾਉਂਦੀ ਹੈ ਨੌਜਵਾਨ ਇਸ ਤੋਂ ਬੇਖਬਰ ਰਹਿੰਦੇ ਹਨ।

ਇਨ੍ਹਾਂ ਸਭ ਦੀ ਜ਼ਿਆਦਾ ਵਰਤੋਂ ਨਾਲ ਦਿਮਾਗ ਦੇ ਕੰਮ ਕਰਨ ਸੋਚਣ ਸਮਝਣ ਦੀ ਸਮੱਰਥਾ 'ਤੇ ਪ੍ਰਭਾਵ ਪੈਂਦਾ ਹੈ ਬਿਜਲੀ ਦੇ ਉਪਕਰਣਾਂ ਤੋਂ ਨਿਕਲਣ ਵਾਲੀਆਂ ਆਵਾਜੀ ਤਰੰਗਾਂ ਸਾਡੀਆਂ ਗਿਆਨ ਇੰਦਰੀਆਂ ਨੂੰ ਪ੍ਰਭਾਵਿਤ ਕਰਦੀਆਂ ਹਨ, ਨੀਂਦ ਪੂਰੀ ਨਾ ਹੋਣ ਨਾਲ ਸਿਰਦਰਦ, ਚੱਕਰ ਆਉਣਾ ਆਦਿ ਸਮੱਸਿਆਵਾਂ ਸਾਨੂੰ ਘੇਰ ਲੈਂਦੀਆਂ ਹਨ ਇਨ੍ਹਾਂ ਸਭ ਨਾਲ ਦਿਮਾਗ ਨੂੰ ਲੋੜੀਦੀ ਆਕਸੀਜਨ ਨਹੀਂ ਮਿਲਦੀ ਅਤੇ ਖ਼ੂਨ ਦਾ ਸੰਚਾਰ ਵੀ ਪ੍ਰਭਾਵਿਤ ਹੁੰਦਾ ਹੈ।

**ਫਾਸਟ ਫੂਡ ਦੀ ਜ਼ਿਆਦਾ ਵਰਤੋਂ:** ਅੱਜ ਦੇ ਨੌਜਵਾਨ ਨੇ ਖਾਣ-ਪੀਣ ਦੀਆਂ ਆਦਤਾਂ ਨੂੰ ਇਕਦਮ ਬਦਲ ਦਿੱਤਾ ਹੈ ਦੂਜੇ ਦੇਸ਼ਾਂ ਦੇ ਫਾਸਟ ਫੂਡ ਨੂੰ ਆਪਣੇ ਖਾਣ-ਪੀਣ ਦਾ ਅਹਿਮ ਹਿੱਸਾ ਬਣਾ ਲਆ ਹੈ ਅਤੇ ਆਪਣੇ ਭਾਰਤੀ ਖਾਣੇ ਉਨ੍ਹਾਂ ਨੂੰ ਰਾਸ ਨਹੀਂ ਆਉਂਦੇ ਅੱਜ ਦੇ ਨੌਜਵਾਨ ਵਰਗ ਦੇ ਨੌਕਰੀ ਦੇ ਘੰਟੇ ਵੀ ਵੱਖਰੇ ਹਨ ਰਾਤ ਨੂੰ ਵੀ ਆਫ਼ਿਸ ਖੁੱਲ੍ਹਿਆਂ ਰਹਿੰਦਾ ਹੈ ਦੇਰ ਰਾਤ ਤੱਕ ਤਾਂ ਸਾਰੇ ਪ੍ਰਾਈਵੇਟ ਆਫ਼ਿਸ ਖੁੱਲ੍ਹੇ ਰਹਿੰਦੇ ਹਨ ਅਜਿਹੇ 'ਚ ਭੁੱਖ ਮਿਟਾਉਣ ਲਈ ਜੰਕਫੂਡ ਦਾ ਸਹਾਰਾ ਲੈਣਾ ਉਨ੍ਹਾਂ ਲਈ ਮਜ਼ਬੂਰੀ ਵੀ ਬਣ ਜਾਂਦੀ ਹੈ।

ਫਾਸਟ ਫੂਡ ਆਊਟਲੇਟ ਅਤੇ ਕਾਫ਼ੀ ਸ਼ਾਪਸ ਅਤੇ ਪੀਜ਼ਾ ਬਰਗਰ ਦੀ ਹੋਮ ਡਿਲੀਵਰੀ ਕਾਰਨ ਨੌਜਵਾਨਾਂ ਦਾ ਜਦੋਂ ਮਨ ਕਰਦਾ ਹੈ ਤਾਂ ਫੋਨ 'ਤੇ ਆਰਡਰ ਕਰਕੇ ਮੰਗਵਾ ਲੈਂਦੇ ਹਨ ਅਤੇ ਪੇਟ ਦੀ ਭੁੱਖ ਨੂੰ ਸ਼ਾਂਤ ਕਰਦੇ ਹਨ। ਜੰਕ ਫੂਡ 'ਚ ਬੈਡ ਫੈਟਸ ਅਤੇ ਕਾਰਬੋਹਾਈਡ੍ਰੇਟਸ ਦੀ ਮਾਤਰਾ ਜ਼ਿਆਦਾ ਹੋਣ ਨਾਲ ਮੋਟਾਪਾ ਵਧਦਾ ਹੈ, ਦਿਮਾਗ ਦੀ ਐਕਟੀਵਿਟੀ ਘੱਟ ਹੁੰਦੀ ਹੈ, ਬਿਨਾਂ ਸਮੇਂ ਖਾਣਾ ਖਾਣ ਦੀ ਆਦਤ ਬਣਦੀ ਹੈ ਜੋ ਪੇਟ ਅਤੇ ਸਿਹਤ ਦੋਵਾਂ ਲਈ ਨੁਕਸਾਨਦੇਹ ਹੈ।

**ਦੇਰ ਰਾਤ ਤੱਕ ਜਾਗਣਾ:-** ਅੱਜ ਦਾ ਨੌਜਵਾਨ ਰਾਤ ਨੂੰ ਜੇਕਰ ਫਰੀ ਹੈ ਤਾਂ ਅਪਣੇ ਆਈਪੈਡ, ਮੋਬਾਇਲ, ਲੈਪਟਾਪ 'ਤੇ ਬਿਜੀ ਰਹਿੰਦਾ ਹੈ ਘੰਟਿਆਂ ਬੱਧੀ ਚੈਟਿੰਗ 'ਚ ਰੁਝੇ ਰਹਿਣ ਕਾਰਨ ਜਾਂ ਇੰਟਰਨੈੱਟ 'ਤੇ ਸਰਚ ਕਰਨ 'ਚ ਉਸਨੂੰ ਸਮੇਂ ਦਾ ਪਤਾ ਨਹੀਂ ਲੱਗਦਾ ਦੇਰ ਰਾਤ ਸੌਂ ਕੇ ਸਵੇਰੇ ਦੇਰ ਨਾਲ ਉੱਠਣ ਦੀ ਆਦਤ ਬਣ ਜਾਂਦੀ ਹੈ ਜਿਸ ਨਾਲ ਉੱਠਦੇ ਹੀ ਉਨ੍ਹਾਂ ਦੇ ਸਰੀਰ 'ਚ ਦਰਦ ਮਹਿਸੂਸ ਹੁੰਦਾ ਹੈ, ਸਿਰ ਭਾਰੀ ਰਹਿੰਦਾ ਹੈ ਅਤੇ ਦੇਰ ਨਾਲ ਉੱਠਣ ਕਾਰਨ ਕੰਮ ਪੂਰਾ ਨਹੀਂ ਹੋ ਸਕਦਾ ਜਿਸਦਾ ਤਨਾਅ ਵੀ ਉਨ੍ਹਾਂ 'ਤੇ ਬਣਿਆ ਰਹਿੰਦਾ ਹੈ ਜੇਕਰ ਨੀਂਦ ਪੂਰੀ ਨਾ ਹੋਵੇ ਤਾਂ ਦਿਨ ਭਰ ਦਿਮਾਗ ਅਸ਼ਾਂਤ ਰਹਿੰਦਾ ਹੈ, ਇਸਦਾ ਪ੍ਰਭਾਵ ਸਰੀਰ 'ਤੇ ਪੈਂਦਾ ਹੈ ਚੁਸਤੀ ਅਤੇ ਫੁਰਤੀ ਉਨ੍ਹਾਂ ਤੋਂ ਹੌਲੀ-ਹੌਲੀ ਕੋਹਾਂ ਦੂਰ ਹੋਣ ਲੱਗਦੀ ਹੈ।

# ਸ੍ਰੋਮਣੀ ਅਕਾਲੀ ਦਲ ਨੂੰ ਢਾਅ ਲਗਾਉਣ ਲਈ ਕੇਂਦਰੀ ਸਕਤੀਆ ਅਤੇ ਘਰ ਦੇ ਭੇਤੀ ਤੱਤਪਰ: ਕਰਨੈਲ ਸਿੰਘ ਪੀਰਮੁਹੰਮਦ

**ਅਮ੍ਰਿੰਤਸਰ 2 ਅਗਸਤ (ਆਵਾਜ਼ਿ ਕੌਮ ਬਿਊਰੋ)**-ਸੂਬੇ ਦੀਆਂ ਅਤੇ ਕੇਂਦਰ ਦੀਆਂ ਸਾਰੀਆਂ ਵਿਰੋਧੀ ਤਾਕਤਾਂ ਪੰਜਾਬੀਆਂ ਦੀ ਇੱਕੋ ਇੱਕ ਆਪਣੀ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਢਾਹੁਣ 'ਤੇ ਤੁਲੀਆਂ ਹੋਈਆਂ ਹਨ, ਉਹਨਾਂ ਦੀ ਮਨਸ਼ਾ ਪੰਜਾਬ ਦੀ ਆਪਣੀ ਤਾਕਤ ਨੂੰ ਖ਼ਤਮ ਕਰਕੇ ਪੰਜਾਬ ਨੂੰ ਸਿੱਧੇ ਤੌਰ 'ਤੇ ਦਿੱਲੀ ਦਾ ਗੁਲਾਮ ਬਣਾਉਣਾ ਹੈ, ਪੰਜਾਬ ਦੇ ਸਾਰੇ ਲੋਕਾਂ ਨੂੰ ਅਪੀਲ ਹੈ ਕਿ ਉਹ ਆਪਣੀ ਤਾਕਤ ਸ਼੍ਰੋਮਣੀ ਅਕਾਲੀ ਦਲ ਦਾ ਡਟ ਕੇ ਸਾਥ ਦੇਣ ਤੇ ਦਿੱਲੀ ਵਾਲਿਆਂ ਦੀ ਗੁਲਾਮੀ ਤੋਂ ਬਚਣ ਇਹਨਾਂ ਵਿਚਾਰਾ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਅਤੇ ਬੁਲਾਰੇ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕੀਤਾ ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਹੜ੍ਹਾਂ ਦੀ ਮਾਰ ਦਾ ਮੁਆਵਜ਼ਾ ਨਾ ਦੇਣ ਪਿੱਛੇ ਸੂਬੇ ਦੀ ਸਰਕਾਰ ਵੱਲੋਂ ਗਲਤ ਜਾਣਕਾਰੀ ਮੁਹੱਈਆ ਕਰਵਾਉਣ ਦਾ ਤਰਕ ਦਿੱਤਾ ਗਿਆ ਹੈ, ਹੁਣ ਭਗਵੰਤ ਮਾਨ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੰਜਾਬੀਆਂ ਨੂੰ ਜਨਤਕ ਜਵਾਬ ਦੇਣ ਕਿ ਉਹਨਾਂ ਦੀ ਸਰਕਾਰ ਨੇ ਅਜਿਹਾ ਕਿਉਂ ਕੀਤਾ ਅਤੇ ਸੂਬੇ ਅੰਦਰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹੋਏ ਜਾਨੀ ਮਾਲੀ ਨੁਕਸਾਨ ਦੀ ਭਰਪਾਈ ਕੌਣ ਕਰੇਗਾ।



ਬਰਮਿੰਘਮ ਵਿਖੇ

# ਪਿੰਡ ਵਿਰਕਾਂ ਦਾ ਮੇਲਾ 4 ਅਗਸਤ ਨੂੰ





**ਬਰਮਿੰਘਮ/ਫਗਵਾੜਾ, 2 ਅਗਸਤ (ਆਵਾਜ਼ਿ ਕੌਮ ਬਿਊਰੋ)**-ਫਗਵਾੜਾ ਦੇ ਲਾਗੇ ਪਿੰਡ ਵਿਰਕ ਜਿਲ੍ਹਾ ਜਲੰਧਰ ਦੀ ਯੂ.ਕੇ. ਨਿਵਾਸੀ ਸੰਗਤ ਵਲੋਂ ਤਪੱਸਵੀ ਤੇ ਮਹਾਂ ਕਿਰਤੀ 108 ਸੰਤ ਬਾਬਾ ਫੂਲਾ ਸਿੰਘ ਜੀ ਦੀ 115ਵੀਂ ਬਰਸੀ ਬਾਬਾ ਸੰਗ ਗੁਰਦਵਾਰਾ, ਸੇਂਟ ਪੋਲਜ਼, ਰੋਡ, ਸਮੈਥਿੱਕ, ਬ੍ਰਮਿੰਘਮ B66 1EE ਵਿਖੇ ਧਾਰਮਿੱਕ ਜੋੜ ਮੇਲਾ ਸ਼ੁਕਰਵਾਰ 2 ਅਗਸਤ ਤੋਂ ਐਤਵਾਰ 4 ਅਗਸਤ ਤੱਕ ਮਨਾਇਆ ਜਾ ਰਿਹਾ ਹੈ। ਸ਼ੁਕਰਵਾਰ 2 ਅਗਸਤ ਨੂੰ ਸਵੇਰੇ 11 ਵਜੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਅਰੰਭ ਹੋਣਗੇ ਜਿਨ੍ਹਾ ਦੇ ਭੋਗ ਐਤਵਾਰ ਸਵੇਰੇ 9 ਵਜੇ ਪਾਏ ਜਾਣਗੇ। ਉਪਰੰਤ ਕੀਰਤਨ, ਕਥਾ, ਢਾਡੀ ਜੱਥਾ ਗੁਰੂ ਜੀ ਦੀ ਪਿਆਰੀ ਸਾਧ ਸੰਗਤ ਜੀ ਨੂੰ ਨਿਰੋਲ ਕੀਰਤਨ, ਸੰਤ ਬਾਬਾ ਫੂਲਾ ਸਿੰਘ ਜੀ ਦੀ ਜੀਵਨੀ ਅਤੇ ਸਿੱਖ ਇਤਿਹਾਸ ਸਰਵਣ ਕਰਾਉਣਗੇ। ਯੂ.ਕੇ. ਵਿੱਚ ਪਹਿਲਾ ਸੰਤ ਬਾਬਾ ਫੂਲਾ ਸਿੰਘ ਜੀ ਦੀ ਯਾਦ ਵਿੱਚ ਧਾਰਮਿੱਕ ਜੋੜ ਮੇਲਾ ਗੁਰੂ ਨਾਨਕ ਪ੍ਰਕਾਸ਼ ਗੁਰਦਵਾਰਾ, ਹਾਰਨਲ ਲੇਨ ਵਿਸਟ, ਕਵੈਂਟਰੀ ਹੋਇਆ ਸੀ ਜੋ ਅਕਾਲ ਚੈਨਲ ਤੇ ਦਿਖਾਇਆ ਗਿਆ ਸੀ। 2018 ਦਾ ਧਾਰਮਿੱਕ ਜੋੜ ਮੇਲਾ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਛਿਹੀ ਵੇ, ਸਲੋਹ ਮਨਾਇਆ ਗਿਆ ਜਿਸ ਸਮੇ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿੱਚ ਸਲੋਹ ਸ਼ਹਿਰ ਨੂੰ ਹੋਰ ਵੀ ਸੁੰਦਰ ਬਨਾਉਣ ਲਈ 550 ਦਰਖਤ ਲਗਵਾਏ ਗਏ ਸਨ ਜਿਨ੍ਹਾਂ ਵਿਚੋਂ ਦੋ ਦਰਖਤ ਲਗਵਾਉਣ ਦੀ ਸੇਵਾ ਵਿਰਕ ਪਿੰਡ ਨਿਵਾਸੀਆਂ ਵਲੋਂ ਹੋਈ ਸੀ। ਇਸੇ ਹੀ ਜੋੜ ਮੇਲੇ ਸਮੇ ਬਰਤਾਨੀਆ ਦੇ ਪਹਿੱਲੇ ਦਸਤਾਰਧਾਰੀ ਮੈਂਬਰ ਔਫ ਪਾਰਲੀਆਮੈਂਟ ਤਨਮਨਜੀਤ ਸਿੰਘ ਢੇਸੀ ਜੀ ਵਲੋਂ ਖੱਤ ਰਾਹੀਂ ਸੁਨੇਹਾ ਭੇਜਿਆ ਗਿਆ ਸੀ ਜਿਸ ਵਿੱਚ ਉਨ੍ਹਾ ਨੇ ਲਿਖਿਆ ਸੀ ਕਿ ਇਸ ਤਰਾਂ ਦੇ ਧਾਰਮਿੱਕ ਪ੍ਰੋਗਰਾਮ ਕਰਵਾਉਣੇ ਬਹੁੱਤ ਜ਼ਰੂਰੀ ਹਨ ਤਾਂ ਕਿ ਬਰਤਾਨੀਆ ਦੇ ਸਿੱਖ ਆਪਣੇ ਪਿਛੋਕੜ , ਧਰਮ ਅਤੇ ਇਤਿਹਾਸ ਨਾਲ ਜੁੜੇ ਰਿਹ ਸਕਣ। ਪਿਛਲੇ ਹੋ ਰਹੇ ਇਸ ਧਾਰਮਿੱਕ ਜੋੜ ਮੇਲੇ ਸਮੇ ਬਰਤਾਨੀਆ ਦਾ ਪਰਸਿੱਧ ਭਾਈ ਰਸਾਲ ਸਿੰਘ ਮਲਕੀਤ ਸਿੰਘ ਜੀ ਹੁਣਾ ਦੇ ਢਾਡੀ ਜੱਥੇ ਨੇ ਦੋ ਵਾਰ ਸੰਗਤਾਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਜਦੋਂ ਵੀ ਪਿੰਡ ਵਿਰਕ ਵਲੋਂ ਇਹ ਸਮਾਗਮ ਬਾਬਾ ਸੰਗ ਗੁਰਦਵਾਰਾ ਸਾਹਿਬ ਕਰਵਾਇਆ ਗਿਆ ਹੈ ਹਰ ਸਾਲ ਵਿਰਕਾਂ ਦੀ ਸੰਗਤ ਨੇ ਗੁਰਦਵਾਰਾ ਸਾਹਿਬ ਦੀ ਇਮਾਰਤ ਲਈ ਯੋਗਦਾਨ ਪਾਇਆ ਹੈ। ਪ੍ਰਬੰਧਕਾਂ ਵਲੋਂ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਆਓ ਆਪਾਂ ਮਹਾਂਪੁਰਸ਼ ਸੰਤ ਬਾਬਾ ਫੂਲਾ ਸਿੰਘ ਜੀ ਦੀ ਯਾਦ ਵਿੱਚ ਕਰਵਾਏ ਜਾ ਰਹੇ ਧਾਰਮਿੱਕ ਜੋੜ ਮੇਲੇ ਵਿੱਚ ਜੁੜ ਕੇ, ਗੁਰਬਾਨੀ ਸੁਣ ਕੇ, ਸੰਗਤ ਕਰਕੇ, ਸੇਵਾ ਕਰਕੇ, ਕੀਰਤਨ ਕਥਾ ਢਾਡੀ ਵਾਰਾਂ ਸੁਣ ਕੇ ਮਹਾਂਪੁਰਸ਼ਾ ਦਾ ਅਸ਼ੀਰਵਾਦ ਪ੍ਰਾਪਤ ਕਰੀਏ।

ਆਵਾਜ਼ਿ ਕੌਮ AWAZE QAUM International Newspaper & WEB TV

# ਗਰਮ ਰੁੱਤ ਜੋਨਲ ਟੂਰਨਾਮੈਂਟ ਸਬੰਧੀ ਹੋਈ ਮੀਟਿੰਗ



**ਤਲਵੰਡੀ ਸਾਬੋ, 02 ਅਗਸਤ (ਗੁਰਜੰਟ ਸਿੰਘ ਨਥੇਹਾ)**-ਸਿੱਖਿਆ ਵਿਭਾਗ ਦੇ ਨਿਰਦੇਸ਼ਾ ਅਨੁਸਾਰ ਜੋਨ ਤਲਵੰਡੀ ਸਾਬੋ ਦੇ ਗਰਮ ਰੁੱਤ ਟੂਰਨਾਮੈਂਟ ਨੂੰ ਸੁਚੱਜੇ ਢੰਗ ਨਾਲ ਕਰਵਾਉਣ ਲਈ ਜੋਨਲ ਪ੍ਰਧਾਨ ਪ੍ਰਿੰਸੀਪਲ ਅਮਨਪ੍ਰੀਤ ਸਿੰਘ ਜੀ ਦੀ ਪ੍ਰਧਾਨਗੀ ਹੇਠ ਸਥਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਸਾਬੋ ਵਿਖੇ ਹੋਈ ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਸਰੀਰਕ ਸਿੱਖਿਆ ਅਧਿਆਪਕ ਸ਼ਾਮਿਲ ਹੋਏ। ਸਮੂਹ ਸਰੀਰਕ ਅਧਿਆਪਕਾਂ ਵੱਲੋਂ ਖੇਡ ਗਰਾਊਡਾਂ ਅਤੇ ਆਸਾਨ ਪਹੁੰਚ ਨੂੰ ਦੇਖਦੇ ਹੋਏ ਜਿਆਦਾਤਰ ਖੇਡਾਂ ਤਲਵੰਡੀ ਸਾਬੋ ਵਿਖੇ ਹੀ ਕਰਵਾਉਣ ਦਾ ਫੈਸਲਾ ਕੀਤਾ ਗਿਆ। ਇਸ ਸਮੇ ਟੂਰਨਾਮੈਂਟ ਕਮੇਟੀ ਅਤੇ ਵੱਖ-ਵੱਖ ਖੇਡਾਂ ਦੇ ਕਨਵੀਨਰਾਂ ਦੀ ਚੋਣ ਕੀਤੀ ਗਈ ਟੂਰਨਾਮੈਂਟ 5 ਅਗਸਤ ਤੋਂ 7 ਅਗਸਤ ਦਰਮਿਆਨ ਕਰਵਾਇਆ ਜਾਵੇਗਾ। ਇਸ ਸਮੇਂ ਰਜਿੰਦਰ ਸਿੰਘ (ਪ੍ਰਬੰਧਕ ਸਕੱਤਰ) ਪੀ ਟੀ ਆਈ ਮਾਹੀਨੰਗਲ, ਨਿਰਮਲ ਸਿੰਘ ਲੈਕਚਰਾਰ (ਕਨਵੀਨਰ ਰੱਸਾਕਸੀ) ਕਲਾਲਵਾਲਾ, ਗੁਰਜੰਟ ਸਿੰਘ ਡੀ ਪੀ ਈ ਚੱਠੇਵਾਲਾ (ਕਨਵੀਨਰ ਖੋ ਖੋ), ਕੇਸਰ ਸਿੰਘ ਡੀ ਪੀ ਈ ਮਲਕਾਣਾ (ਕਨਵੀਨਰ ਵਾਲੀਬਾਲ), ਗੁਰਤੇਜ ਸਿੰਘ ਪੀ ਟੀ ਆਈ ਕੌਰੇਆਣਾ (ਕਨਵੀਨਰ ਕਬੱਡੀ ਸਰਕਲ) ਗੁਰਮੇਲ ਸਿੰਘ (ਕੋ ਕਨਵੀਨਰ ਕਬੱਡੀ) ਡੀ ਪੀ ਈ ਭਾਗੀਵਾਂਦਰ, ਕੁਲਵਿੰਦਰ ਸਿੰਘ ਤਲਵੰਡੀ ਸਾਬੋ (ਡਿਸਪਲਿਨ ਇੰਚਾਰਜ), ਹਰਮੰਦਰ ਸਿੰਘ (ਕਨਵੀਨਰ ਯੋਗਾ) ਪੀ ਟੀ ਆਈ ਲਾਲੇਆਣਾ, ਤੇਜਿੰਦਰ ਕੁਮਾਰ (ਕਨਵੀਨਰ ਹੈਂਡਬਾਲ) ਅਮਨਦੀਪ ਸਿੰਘ ਪੀ ਟੀ ਆਈ ਸ਼ੇਖਪੁਰਾ (ਕਨਵੀਨਰ ਕਬੱਡੀ ਨੈਸ਼ਨਲ), ਗੁਰਪ੍ਰੀਤ ਸਿੰਘ ਡੀ ਪੀ ਈ ਗਿਆਨਾ, ਤਰਸੇਮ ਸਿੰਘ ਪੀ ਟੀ ਆਈ ਜਗਾ, ਜਗਤਾਰ ਸਿੰਘ ਪੀ ਟੀ ਆਈ ਤਿਉਣਾ, ਹਰਪਾਲ ਸਿੰਘ ਖਾਲਸਾ ਸਕੂਲ (ਕਨਵੀਨਰ ਫੁੱਟਬਾਲ), ਮੋਨਿਕਾ (ਕਨਵੀਨਰ ਬੈਡਮਿੰਟਨ) ਤਰਖਾਣ ਵਾਲਾ, ਜਸਵੀਰ ਕੌਰ ਲੇਲੇਵਾਲਾ, ਜਸਦੀਪ ਕੌਰ ਡੀ.ਪੀ.ਈ ਰਾਮਾ, ਅਮਰੀਕ ਰਾਣੀ ਜੀਵਨ ਸਿੰਘ ਵਾਲਾ, ਲੈਕਚਰਾਰ ਸੁਖਦੇਵ ਸਿੰਘ (ਕਨਵੀਨਰ ਬਾਸਕਿਟਬਾਲ) ਜੀਵਨ ਸਿੰਘ ਵਾਲਾ, ਕਮਲਪ੍ਰੀ ਸਿੰਘ (ਕਨਵੀਨਰ ਕੁਸ਼ਤੀਆਂ) ਪੀ ਟੀ ਆਈ ਬੰਗੀ ਕਲਾਂ, ਰੇਸ਼ਮਜੀਤ ਸਿੰਘ ਨੰਗਲਾ, ਗੁਰਮੇਲ ਸਿੰਘ ਮਲਕਾਣਾ (ਕੋ ਕਨਵੀਨਰ ਖੋ ਖੋ), ਕਰਨੀ ਸਿੰਘ ਸੀਂਗੋ, ਚਰਨਜੀਤ ਸਿੰਘ ਮਿਰਜੇਆਣਾ, ਸੁਖਵੀਰ ਸਿੰਘ ਮਲਕਾਣਾ, ਰਾਜ ਕੁਮਾਰ ਬਾਦਸ਼ਾਹ, ਗੁਰਪ੍ਰੀਤ ਸਿੰਘ, ਗੁਰਤੇਜ ਸਿੰਘ ਯੂਨੀਵਰਸਲ ਸਕੂਲ, ਆਦਿ ਸਰੀਰਕ ਸਿੱਖਿਆ ਅਧਿਆਪਕ ਮੌਜੂਦ ਸਨ। ਮੀਟਿੰਗ ਦੇ ਅੰਤ ਵਿੱਚ ਜੋਨਲ ਪ੍ਰਧਾਨ ਅਮਨਪ੍ਰੀਤ ਸਿੰਘ ਨੇ ਟੂਰਨਾਮੈਂਟ ਦੀ ਸਫਲਤਾ ਲਈ ਸਮੂਹ ਅਧਿਆਪਕਾਂ ਨੂੰ ਤਨਦੇਹੀ ਨਾਲ ਕੰਮ ਕਰਨ ਦੀ ਸਲਾਹ ਦਿੱਤੀ ਅਤੇ ਮੀਟਿੰਗ ਵਿੱਚ ਹਾਜਰ ਮੈਬਰਾਂ ਦਾ ਧੰਨਵਾਦ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਸਿੱਧੂ ਗੈਸ ਏਜੰਸੀ ਜਗਰਾਉਂ ਵਾਲੇ ਸ਼੍ਰੀ ਰਜਿੰਦਰ ਸਿੰਘ ਸਿੱਧੂ ਦੇ ਨਮਿੱਤ ਪ੍ਰਕਾਸ਼ ਕਰਵਾਏ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ 4 ਅਗਸਤ ਦਿਨ ਐਤਵਾਰ ਨੂੰ



ਜਗਰਾਉਂ -(ਵਰਿਆਮ ਹਠੂਰ) ਬਹੁਤ ਹੀ ਸਤਿਕਾਰਯੋਗ ਸ਼ਖ਼ਸੀਅਤ ਸਿੱਧੂ ਗੈਸ ਏਜੰਸੀ ਜਗਰਾਉਂ ਦੇ ਮਾਲਕ ਸ੍ਰੀ ਰਜਿੰਦਰ ਸਿੰਘ ਸਿੱਧੂ ਜੋ ਬੀਤੇ ਦਿਨੀਂ ਆਪਣੇ ਸੁਆਸਾਂ ਦੀ ਪੂੰਜੀ ਅਤੇ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਸਦਾ ਲਈ ਵਿੱਛੜ ਜਾਣ ਤੇ ਜਗਰਾਉਂ ਦੇ ਵਸਨੀਕਾਂ ਸਮੇਤ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਦੀਆਂ ਵੱਖ ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸ਼ਖ਼ਸੀਅਤਾਂ, ਕਲੱਬਾਂ ਆਦਿ ਨੇ ਸਿੱਧੂ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ, ਸ੍ਰੀ ਰਜਿੰਦਰ ਸਿੰਘ ਸਿੱਧੂ ਬਹੁਤ ਹੀ ਅੱਛੇ ਇਨਸਾਨ ਸਨ। ਜਿੰਨ੍ਹਾਂ ਨੇ ਦੇਸ਼ ਦੀ ਰਾਖੀ ਲਈ ਇੰਡੀਅਨ ਆਰਮੀ ਵਿੱਚ ਨੌਕਰੀ ਕੀਤੀ, ਅੰਤਿਮ ਸੰਸਕਾਰ ਵਾਲੇ ਦਿਨ ਫੌਜੀ ਜਵਾਨਾਂ ਨੇ ਸ਼੍ਰੀ ਰਜਿੰਦਰ ਸਿੰਘ ਸਿੱਧੂ ਨੂੰ ਨੂੰ ਅੰਤਿਮ ਰਸਮਾਂ ਮੌਕੇ ਰੀਤ ਭੇਟ ਕਰਦਿਆਂ ਸਲਾਮੀ ਦਿੱਤੀ ਸੀ, ਉਨ੍ਹਾਂ ਦੀ ਘਾਟ ਜਿੱਥੇ ਪਰਿਵਾਰ ਨੂੰ ਰੱਸੀ ਵਿੱਚ ਗੰਢ ਦੀ ਤਰ੍ਹਾਂ ਹਮੇਸ਼ਾ ਰੜਕੇਗੀ ਉੱਥੇ ਰਿਸ਼ਤੇਦਾਰਾਂ ਮਿੱਤਰਾਂ ਅਤੇ ਉਨ੍ਹਾਂ ਨੂੰ ਪਿਆਰ ਅਤੇ ਸਤਿਕਾਰ ਦੇਣ ਲੈਣ ਵਾਲਿਆਂ ਨੂੰ ਵੀ ਉਨ੍ਹਾਂ ਦਾ ਵਿਛੋੜਾ ਝਿੰਜੋੜ ਕੇ ਰੱਖ ਗਿਆ, ਵਾਹਿਗੁਰੂ ਸਤਿਕਾਰਯੋਗ ਸ਼ਖ਼ਸੀਅਤ ਰਜਿੰਦਰ ਸਿੰਘ ਸਿੱਧੂ ਦੀ ਹਮੇਸ਼ਾ ਲਈ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਸਥਾਨ ਬਖ਼ਸ਼ੇ ਅਤੇ ਪਿੱਛੇ ਪਰਿਵਾਰ ਅਤੇ ਰਿਸ਼ਤੇਦਾਰਾਂ ਸਾਕ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ, ਜ਼ਿਕਰਯੋਗ ਹੈ ਕਿ ਸ਼੍ਰੀ ਰਜਿੰਦਰ ਸਿੰਘ ਸਿੱਧੂ ਦੇ ਨਮਿੱਤ ਪ੍ਰਕਾਸ਼ ਕਰਵਾਏ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਮਿਤੀ 4 ਅਗਸਤ ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਦਸਮੇਸ਼ ਨਗਰ (ਸਾਹਮਣੇ ਜੈਨ ਸਟੋਰ) ਜਗਰਾਉਂ ਵਿਖੇ ਦੁਪਹਿਰ 12 ਤੋਂ 1 ਵਜੇ ਵਿਚਕਾਰ ਹੋਵੇਗੀ।

# ਸਿਹਤ ਵਿਭਾਗ ਵਲੋਂ "ਮਾਂ ਦੇ ਦੁੱਧ ਦੀ ਮੱਹਤਤਾ" ਬਾਰੇ ਜ਼ਿਲ੍ਹਾ ਪੱਧਰੀ ਵਰਕਸ਼ਾਪ ਦਾ ਕੀਤਾ ਆਯੋਜਨ



**ਚੌਕ ਮਹਿਤਾ, 2 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)-ਮਾਂ ਦਾ ਦੁੱਧ ਬੱਚੇ ਲਈ ਅੰਮ੍ਰਿਤ ਹੈ: ਸਿਵਲ ਸਰਜਨ ਡਾ ਭਾਰਤ ਭੂਸ਼ਣ** ਸਿਹਤ ਵਿਭਾਗ ਵਲੋਂ ਆਮ ਜਨਤਾ ਦੀ ਸਿਹਤ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ ਸਮੇ ਸਮੇ ਸਿਰ ਯਤਨ ਕੀਤੇ ਜਾਦੇ ਹਨ। ਜਿਨ੍ਹਾਂ ਵਿੱਚ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਅਗਸਤ ਦੇ ਮਹੀਨੇ ਵਿਸ਼ੇਸ਼ ਵਰਕਸ਼ਾਪਾ ਲਗਾਈਆ ਜਾਦੀਆ ਹਨ। ਇਸੇ ਕੜੀ ਵਜੋ ਸਿਵਲ ਹਸਪਤਾਲ ਤਰਨਤਾਰਨ ਵਿਖੇ ਸਿਵਲ ਸਰਜਨ ਡਾ ਭਾਰਤ ਭੂਸ਼ਣ ਜੀ ਵਲੋਂ ਬਰੈਸਟ ਫੀਡੀਂਗ ਵੀਕ ਜੋ ਕਿ ਮਿਤੀ 1 ਅਸਸਤ ਤੋਂ 7 ਅਗਸਤ 2024 ਤੱਕ ਮਨਾਇਆ ਜਾ ਰਿਹਾ, ਸੰਬਧੀ ਇੱਕ ਜਾਗਰੂਕਤਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਅਵਸਰ ਤੇ ਸੰਬੋਧਨ ਕਰਦਿਆ ਡਾ ਭਾਰਤ ਭੂਸ਼ਣ ਨੇ ਕਿਹਾ ਕਿ ਮਾਂ ਦਾ ਦੁੱਧ ਬੱਚੇ ਲਈ ਅੰਮ੍ਰਿਤ ਹੈ ਅਤੇ ਪ੍ਰਮਾਤਮਾ ਵਲੋ ਬਖਸ਼ੀ ਬਹੁ ਵੱਡੀ ਨਿਆਮਤ ਹੈ, ਜਿਸ ਦਾ ਕੋਈ ਵੀ ਮੇਲ ਨਹੀ ਹੈ, ਜਣੇਪੇ ਤੋ ਤੁਰੰਤ ਬਾਦ ਮਾਂ ਦਾ ਦੁਧ ਬਚੇ ਨੂੰ ਪਿਲਾਉਣਾ ਜਰੂਰੀ ਹੈ, ਪਹਿਲੇ 6 ਮਹਿਨੇ ਤਾਂ ਕੇਵਲ ਮਾ ਦਾ ਦੁੱਧ ਬਚੇ ਲਈ ਸਪੂੰਰਨ ਖੁਰਾਕ ਹੈ, ਪਹਿਲਾ ਪੀਲਾ ਗਾੜ੍ਹਾ ਦੁੱਧ ਬੱਚੇ ਵਿੱਚ ਬਿਮਾਰੀਆ ਤੋ ਬਚਾਓਣ ਲਈ ਸੁਰਖਿਆ ਕਵਜ ਦਾ ਕੰਮ ਕਰਦਾ ਹੈ। ਉਨਾਂ ਨੇ ਕਿਹਾ ਕਿ ਇਸ ਹਫਤੇ ਦੌਰਾਣ ਜਿਲ੍ਹੇ ਭਰ ਦੀਆਂ ਸਾਰੀਆਂ ਸਿਹਤ ਸੰਸ਼ਥਾਵਾਂ ਵਿਚ ਮਾਂ ਦੇ ਦੁੱਧ ਦੀ ਮੱਹਤਤਾ ਬਾਰੇ ਸੈਮੀਨਾਰ ਅਤੇ ਵਰਕਸ਼ਾਪਾਂ ਲਗਾ ਕੇ ਲੋਕਾਂ ਨੂੰ ਇਸ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਇਸਦੇ ਨਾਲ ਉਹਨਾਂ ਨੇ ਮਾਵਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚੇ ਨੂੰ ਤੰਦਰੁਸਤ ਰੱਖਣ ਲਈ ਮਾਂ ਦਾ ਦੁੱਧ ਜਰੂਰ ਪਿਲਾਉਣ। ਇਸ ਮੋਕੇ ਤੇ ਜਿਲ੍ਹਾ ਟੀਕਾਕਰਣ ਅਫਸਰ ਕਮ ਜਿਲ੍ਹਾ ਨੋਡਲ ਅਫਸਰ ਡਾ ਵਰਿੰਦਰਪਾਲ ਕੌਰ ਨੇ ਦੱਸਿਆ ਕਿ ਮਾਂ ਦੇ ਦੁੱਧ ਦੀ ਤੁਲਨਾ ਕਿਸੇ ਵੀ ਗੈਰ ਕੁਦਰਤੀ ਖੁਰਾਕ ਨਾਲ ਨਹੀ ਕੀਤੀ ਜਾ ਸਕਦੀ, ਜਿਹੜੀਆ ਮਾਵਾਂ ਬਚੇ ਨੂੰ ਆਪਣਾ ਦੁੱਧ ਪਿਲਾਉਦੀਆ ਹਨ ਉਨਾਂ ਦੇ ਬੱਚੇ ਬਹੁਤ ਘੱਟ ਬਿਮਾਰ ਹੁੰਦੇ ਹਨ। ਉਹਨਾਂ ਨੇ ਬੋਤਲ ਨਾਲ ਦੁੱਧ ਪਿਲਾਉਣ ਦੀ ਸਖਤ ਨਿਖੇਦੀ ਕੀਤੀ ਅਤੇ ਕਿਹਾ ਕਿ ਆਪਣਾ ਦੁੱਧ ਪਿਲਾਉਣ ਵਾਲੀਆ ਮਾਵਾਂ ਬਹੁਤ ਸਾਰੀਆ ਬਿਮਾਰੀਆ ਜਿਵੇ ਕਿ ਛਾਤੀ ਅਤੇ ਬਚੇਦਾਨੀ ਦਾ ਕੈਸਰ ਆਦੀ ਤੋ ਬੱਚ ਜਾਦੀਆ ਹਨ। ਇਸ ਮੋਕੇ ਤੇ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਆਸ਼ੀਸ਼ ਗੁਪਤਾ, ਸੀਨੀਅਰ ਮੈਡੀਕਲ ਅਫਸਰ ਡ ਰਮਨਦੀਪ ਸਿੰਘ ਪੱਡਾ, ਡਾ ਨੀਰਜ ਲਤਾ , ਡਾ ਅਮਨਦੀਪ ਸਿੰਘ, ਡਾ ਰਣਦੀਪ ਸਿੰਘ, ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ, ਰੁਪਿੰਦਰ ਕੌਰ ਅਤੇ ਸਮੂਹ ਸਟਾਫ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਦੋ ਸਾਲ ਦੀ ਮਾਸੂਮ ਬੱਚੀ ਨਾਲ ਬਲਾਤਕਾਰ ਕਰਕੇ ਫਰਾਰ ਹੋਏ ਦੋਸ਼ੀ ਨੂੰ ਦਿੱਲੀ ਪੁਲਿਸ ਦੀ ਸਹਾਇਤਾ ਨਾਲ ਕੀਤਾ ਗ੍ਰਿਫਤਾਰ





**ਸ੍ਰੀ ਹਰਗੋਬਿੰਦਪੁਰ ਸਾਹਿਬ, 2 ਅਗਸਤ (ਕੁਲਜੀਤ ਸਿੰਘ ਖੋਖਰ)**-ਅੱਜ ਐਸ ਪੀ ਹੈਡਕੁਆਰਟਰ ਸ੍ਰੀਮਤੀ ਰਿਆੜ ਵੱਲੋਂ ਪੁਲਿਸ ਲਾਈਨ ਬਟਾਲਾ ਵਿਖੇ ਪ੍ਰੈਸ ਕਾਨਫਰੰਸ ਕੀਤੀ ਗਈ ਜਿਸ ਵਿੱਚ ਦਸਿਆ ਗਿਆ ਕਿ ਮਿਤੀ 29 ਜੁਲਾਈ ਨੂੰ ਇੱਕ ਸੂਚਨਾ ਥਾਣਾ ਸਿਵਲ ਲਾਈਨ ਬਟਾਲਾ ਵਿੱਚ ਪ੍ਰਾਪਤ ਹੋਈ ਸੀ ਕਿ ਇੱਕ 02 ਸਾਲ ਦੀ ਬੱਚੀ ਨਾਲ ਉਸਦੇ ਗੁਆਂਢ ਵਿੱਚ ਰਹਿੰਦੇ ਅਭਿਸੇਕ ਰੋਕਾਇਆ ਪੁੱਤਰ ਗਿਆਨ ਇੰਦਰ ਰੋਕਾਇਆ ਵਾਸੀ ਬਾਸਕਟੀਆ ਜਿਲ੍ਹਾ ਬੇਜਾਗ, ਨੇਪਾਲ ਹੁਣ ਰਣਜੀਤ ਨਗਰ ਬਟਾਲਾ ਵੱਕਤ ਕਰੀਬ 4:30 ਸ਼ਾਮ ਪੀੜਤ ਲੜਕੀ ਦੇ ਘਰ ਗਿਆ ਅਤੇ ਪੀੜਤ ਲੜਕੀ ਨੂੰ ਉਸਦੇ ਮਾਪਿਆ ਪਾਸੋਂ ਆਪਣੇ ਕੋਲ ਰੱਖ ਲਿਆ ਅਤੇ ਪੀੜਤ ਲੜਕੀ ਦਾ ਪਰਿਵਾਰ ਕੰਮ ਪਰ ਚਲਾ ਗਿਆ ਤਾਂ ਉਕਤ ਦੋਸ਼ੀ ਨੇ 02 ਸਾਲ ਦੀ ਬੱਚੀ ਨਾਲ ਬੇਰਹਿਮੀ ਨਾਲ ਉਸ ਨਾਲ ਰੇਪ ਕੀਤਾ। ਜਿਸ ਤੇ ਪੁਲਿਸ ਵੱਲੋਂ ਤੁਰੰਤ ਕਰਕੇ ਕਾਰਵਾਈ ਕਰਦੇ ਹੋਏ ਮੁਕੱਦਮਾ ਨੰਬਰ 214 ਮਿਤੀ 29.ਜੁਲਾਈ ਥਾਣਾ ਸਿਵਲ ਲਾਈਨ ਦਰਜ ਰਜਿਸਟਰ ਕਰਕੇ ਮੁਢਲੀ ਤਫਤੀਸ ਅਮਲ ਵਿੱਚ ਲਿਆਂਦੀ ਅਤੇ ਦੋਸ਼ੀ ਉਕਤ ਨੂੰ ਗ੍ਰਿਫਤਾਰ ਕਰਨ ਲਈ ਮਾਨਯੋਗ ਸੀਨੀਅਰ ਕਪਤਾਨ ਪੁਲਿਸ ਬਟਾਲਾ ਦੀਆ ਹਦਾਇਤਾ ਅਨੁਸਾਰ ਵੱਖ-ਵੱਖ ਪੁਲਿਸ ਟੀਮਾਂ ਦਾ ਗਠਨ ਕੀਤਾ ਗਿਆ। ਤਫਤੀਸ਼ ਦੋਰਾਨ ਸ੍ਰੀ ਅਜਾਦ ਦਵਿੰਦਰ ਸਿੰਘ ਪੀ.ਪੀ.ਐੱਸ ਉਪ ਕਪਤਾਨ ਪੁਲਿਸ ਸ਼ਹਿਰੀ ਬਟਾਲਾ ਦੀ ਨਿਗਰਾਨੀ ਹੇਠ ਇੰਸ. ਪ੍ਰਭਜੋਤ ਸਿੰਘ ਮੁੱਖ ਅਫਸਰ ਥਾਣਾ ਸਿਵਲ ਲਾਈਨ ਅਤੇ ਇੰਸ. ਹਰਮੀਕ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਬਟਾਲਾ ਸਮੇਤ ਪੁਲਿਸ ਪਾਰਟੀਆ ਵੱਲੋਂ ਦੋਸ਼ੀ ਅਭਿਸੇਕ ਰੋਕਾਇਆ ਪੁੱਤਰ ਗਿਆਨ ਇੰਦਰ ਰੋਕਾਇਆ ਵਾਸੀ ਬਾਸਕਟੀਆ ਜਿਲ੍ਹਾ ਬੇਜਾਗ, ਨੇਪਾਲ ਹੁਣ ਰਣਜੀਤ ਨਗਰ ਬਟਾਲਾ ਨੂੰ ਦਿੱਲੀ ਤੋਂ ਦਿੱਲੀ ਪੁਲਿਸ ਦੇ ਆਈ.ਪੀ.ਐੱਸ ਪੁਲਿਸ ਅਫਸਰਾ ਦੀ ਸਹਾਇਤਾ/ਸਹਿਯੋਗ ਨਾਲ ਗ੍ਰਿਫਤਾਰ ਕੀਤਾ ਗਿਆ ਅਤੇ ਮਾਨਯੋਗ ਅਦਾਲਤਾ ਵਿਚ ਪੇਸ਼ ਕਰਕੇ ਦੋਸ਼ੀ ਉਕਤ ਰਿਮਾਂਡ ਹਾਸਲ ਕੀਤਾ ਗਿਆ। ਅਤੇ ਪੁੱਛ ਗਿੱਛ ਕੀਤੀ ਜਾ ਰਹੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV


ਬੰਦੀ ਸਿੰਘਾਂ 'ਅਤੇ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਰਿਹਾਈ
ਦੇ ਲਈ ਰੱਖੀ ਗਈ ਪੰਥਕ ਇਕੱਤਰਤਾ ਵਿੱਚ ਜ਼ਰੂਰ ਪਹੁੰਚੋ ਜੀ!
ਰੱਖੜ ਪੁੰਨਿਆ ਦੇ ਦਿਹਾੜੇ ਤੇ
ਬਾਬਾ ਬਕਾਲਾ ਸਾਹਿਬ ਜੀ ਵਿਖੇ
ਪੰਥਕ ਇਕੱਤਰਤਾ
19 ਅਗਸਤ 2024
ਸਮਾਂ ਸਵੇਰੇ 11ਵਜੇ ਤੋਂ
ਦੁਪਿਹਰੇ 3ਵਜੇ ਤੱਕ
ਆਵਾਜ਼ਿ ਕੌਮ
AWAZE QAUM
International Newspaper & WEB TV

# 'ਝੂਲਦੇ ਨਿਸ਼ਾਨ ਰਹੇਂ, ਪੰਥ ਮਹਾਰਾਜ ਕੇ'
## " ਜਿੱਥੇ ਖ਼ੂਨ ਸਿੰਘਾਂ ਦਾ ਡੁੱਲ੍ਹ, ਉੱਥੇ ਨਿਸ਼ਾਨ 'ਕੇਸਰੀ' ਝੁੱਲ੍ਹ



**ਸਿੱਖ** ਕੌਮ ਦੇ ਕੇਸਰੀ ਨਿਸ਼ਾਨ ਦਾ ਸ਼ੁਸੋਬਤ ਤੇ ਝੂਲਦੇ ਰਹਿਣ ਦਾ ਬੀਤੀਆਂ ਸਦੀਆਂ ਦਾ ਇਤਿਹਾਸ ਹੈ ।ਇਹੀ ਸੰਸਾਰ ਪੱਧਰ ਤੇ ਦੂਸਰੀਆਂ ਕੌਮਾਂ ਦੇ ਬਰਾਬਰ ਸਿੱਖ ਕੌਮ ਦੀ ਅਨੋਖੀ ਪਹਿਚਾਨ ਹੈ ।ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ । ਇਹਨਾਂ ਕੇਸਰੀ ਨਿਸ਼ਾਨਾਂ ਦੀ ਬਦੌਲਤ ਸੰਸਾਰ ਪੱਧਰ ਤੇ ਅੱਜ ਸਿੱਖ ਕੌਮ ਆਪਣੀਆਂ ਕੁਰਬਾਨੀਆਂ ਤੇ ਵਡਮੁੱਲੇ ਇਤਿਹਾਸਿਕ ਗੁਣਾਂ ਕਰਕੇ ਹੀ ' ਪੰਥ ਮਹਾਰਾਜ ' ਦੇ ਰੁਤਬੇ ਨਾਲ ਜਾਣੀ ਤੇ ਪਛਾਣੀ ਜਾਂਦੀ ਹੈ ।ਇਸ ਕੌਮੀ ਵਿਰਾਸਤ ਤੇ 'ਕੇਸਰੀ ਨਿਸ਼ਾਨ' ਦੀ ਗੈਰਤਮੰਦ ਗਾਥਾ ਤੋਂ ਹਰ ਸਿੱਖ ਹਰ

ਆਵਾਜ਼ਿ ਕੌਮ AWAZE QAUM International Newspaper & WEB TV

ਮੈਦਾਨ ਵਿੱਚ ਜੂਝਦਾ ਆਇਆ ਹੈ । ਸਿੱਖ ਦੀ ਸੋਚ ਵਿੱਚ ਇਹੀ ਬੀਤਿਆ , ਵਰਤਮਾਨ , ਸਗੋਂ ਆਉਣ ਵਾਲਾ ਭਵਿੱਖ ਵੀ ਇੱਕੋ ਹੀ ਆਧਾਰ ਹਨ ।1699 ਦੀ ਵਿਸਾਖੀ ਨੇ ਤਾਂ ਇਸ ਵਿੱਚ ਪੱਕੀ ਪਰਪਕਤਾ ਬੰਨ ਦਿੱਤੀ।ਸਰਬੰਸ ਦਾਨੀ , ਅੰਮ੍ਰਿਤ ਦੇ ਦਾਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖ਼ਾਲਸੇ ਨੂੰ ਅਜਿਹਾ ਕੁਰਬਾਨੀਆਂ ਸਹਿਤ 'ਕੇਸਰੀ ਰੰਗ ' ਵਿੱਚ ਰੰਗਿਆ ਕਿ ਭਾਈ ਨੰਦ ਲਾਲ ਜੀ ਨੇ ਆਪਣੀ ਲਿਖਤ ਵਿੱਚ ਗੁਰੂ ਜੀ ਨੂੰ ਕਿਹਾ ਕਿ ਤੁਸੀ ਤਾਂ ਇੰਝ ਲੱਗਦਾ ਕਿ 'ਕੇਸਰੀ ' ਰੰਗ ਨਾਲ ਸਾਰੀ ਲੋਕਾਈ ਹੀ ਰੰਗ ਦਿੱਤੀ ਹੈ ।ਇਹ ਪ੍ਰਸਿੱਧ ਹੋ ਗਿਆ ਕਿ ਜਿੱਥੇ ਕਿਧਰੇ ਮਜ਼ਲੂਮ ਤੇ ਸੰਕਟ ਹੁੰਦਾ ਉੱਥੇ ਉਸ ਜ਼ੁਲਮ ਨੂੰ ਰੋਕਣ ਲਈ ਖਾਲਸਈ ਕੇਸਰੀ ਨਿਸ਼ਾਨ ਜਾ ਝੂਲਦੇ ਹਨ ।ਮੌਜੂਦਾ ਸਮੇਂ ਦਾ ਸਿੱਖ ਸੰਕਟ ਜੋ 1978 ਵਿੱਚ ਬਾਦਲਕੇ ਬਨਾਮ ਨਰਕਧਾਰੀ ਗੁਰਬਚਨੇ ਹੋਰਾਂ ਨੇ ਧਰੋਹ ਕਮਾਇਆ ਸੀ ।ਬਾਅਦ ਸਮੇਂ ਤੋਂ 1984 ਦਾ ਘੱਲੂਘਾਰਾ ਤੇ ਸਿੱਖ ਜੁਆਨੀਆਂ ਦਾ ਘਾਣ ਇਹ ਇੰਦਰਾ ਤੇ ਬਾਦਲਕਿਆਂ ਵੱਲੋਂ ਢਾਹੇ ਗਏ ਜ਼ੁਲ਼ਮ ਹਨ ।ਦਿੱਲੀ ਵਿੱਚ ਸਿਖਾਂ ਦੀ ਨਸਲਕੁਸ਼ੀ ਦਾ ਦੌਰ ਵੀ ਇਸ ਜੁੰਡਲੀ ਦੀ ਪਿਰਤ ਵਿੱਚੋਂ ਪੈਦਾ ਹੋਇਆ ਹੈ ।ਸਿੱਖਾਂ ਵਿਚ ਆਮ ਸਿੱਖ ਹੋਵੇ , ਖਾੜਕੂ ਲਹਿਰ ਦਾ ਸਮਾਂ ਹੋਵੇ , ਕੋਈ ਦੇਸ਼ ਬਦੇਸ਼ ਵਿਚ ਇਹਨਾਂ ਦੇ ਜ਼ੁਲਮ ਵਿਰੁੱਧ ਉੱਠੀ ਆਵਾਜ਼ ਹੋਵੇ , ਸਿਖਾਂ ਨੇ ਹਮੇਸ਼ਾਂ 'ਕੇਸਰੀ ਨਿਸ਼ਾਨ' ਦੀ ਅਗਵਾਈ ਹੇਠ ਹੀ ਇਸ ਸਮੇਂ ਦੇ ਇਹ ਯੁੱਧ ਲੜੇ ਹਨ ।ਸਮੇਂ ਦੀਆਂ ਸਰਕਾਰਾਂ ਤੇ ਉਹਨਾਂ ਦੇ ਕਰਿੰਦੇ ਬਾਦਲ /ਗੁਰਬਚਨਾ ਤੇ ਸਿਰਸੇ ਸਾਧਾਂ ਜਿਹੇ ਟੋਲਿਆਂ ਜਿਹੇ ਪੰਥ ਦੇ ਦੁਸ਼ਮਣਾਂ ਨੇ ਸਿੱਖਾਂ ਦਾ ਰੱਜ ਕੇ ਘਾਣ ਕੀਤਾ। ਜਦ ਕਿ ਅੱਜ ਦਾ ਇਤਿਹਾਸ ਜਿਨਾਂ ਸਿੱਖ ਸਿਧਾਂਤਾਂ ਤੇ ਸਿੱਖਾਂ ਨੇ ਸਾਂਭਿਆ ਹੈ ਅਤੇ ਉਸ ਪ੍ਰਤੀ ਕੀਤੀਆਂ ਕੁਰਬਾਨੀਆਂ ਦੀ ਅਗਵਾਈ ਵੀ ਕੇਸਰੀ ਨਿਸ਼ਾਨ ਹੇਠ ਹੀ ਨਿਭਾਈ ਹੈ ।ਅੱਜ ਵੱਖ ਵੱਖ ਸੰਸਥਾਵਾਂ ਵਿੱਚ ਵਿਚਰਦਾ ਪੰਥ ਖ਼ਾਲਸਾ ਕੇਸਰੀ ਨਿਸ਼ਾਨ ਹੇਠ ਇੱਕ ਰੂਪ ਤੇ ਇੱਕ ਜੁੱਟ ਹੈ ।ਉਸ ਦੀ ਅੰਤਰਰਾਸ਼ਟਰੀ ਆਵਾਜ ਦਾ ਅਸਲੀ ਰੰਗ ਰੂਪ ਇਹੀ 'ਕੇਸਰੀ ਨਿਸ਼ਾਨ' ਹੀ ਹੈ ।ਸਦੀਆਂ ਤੋ ਜ਼ੁਲਮ ਵਿਰੁਧ ਤੇ 1978 ਤੋਂ ਅੱਜ ਤੱਕ ਜੋ ਅਗਵਾਈ ਸਾਨੂੰ ਝੂਲਦੇ ਕੇਸਰੀ ਨਿਸ਼ਾਨਾਂ ( ਜੁਗੋ ਜੁਗ ਅਟੱਲ ਰਹਿਣ ਦੀ ਅਰਦਾਸ ਤੇ ਨਿਸਚੇ ਵਾਚਕ ਰਹਿਣ ਪੱਖੋਂ) ਨੇ ਦਿੱਤੀ ਹੈ । ਇਹ ਉਪਰੋਕਤ ਪੰਥ ਦੁਸ਼ਮਣਾਂ ਤੇ ਧੀਰ ਮਲ਼ੀਏ ਨੂੰ ਬਿਲਕੁਲ ਨਹੀ ਭਾਉਂਦੀ ।ਪਿਛਲੇ ਦਿਨੀ ਇਸੇ ਨਿਕੰਮੀ ਵਿਚਾਰਧਾਰਾ ਅਧੀਨ ਸ਼੍ਰੋਮਣੀ ਕਮੇਟੀ ਨੇ ਇਕ ਝੂਠੇ ਅਲਾਨ ਨਾਮੇ ਰਾਹੀ 'ਕੇਸਰੀ ਨਿਸ਼ਾਨ ' ਸਾਹਿਬ ਦੀ ਹੋਂਦ ਨੂੰ



ਪਰਮਿੰਦਰ ਸਿੰਘ ਬੱਲ
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

ਝੁਠਲਾਇਆ, ਬੇਤੁਕੇ ਬਹਾਨੇ ਲਾ ਕੇ ਇਸ ਨੂੰ ਨੀਲ਼ੇ ਰੰਗ ਵਿੱਚ ਬਦਲਣ ਲਈ ਕਿਹਾ ਹੈ ।ਇਸ ਨੂੰ ਅਗਾਹ ਕਰਨ ਲਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀ ਪਦਵੀ ਦੀ ਦੁਰਵਰਤੋਂ ਕੀਤੀ ਗਈ ਹੈ। ਕਿਸੇ ਦੇਸ਼ , ਬਦੇਸ਼ ਦੇ ਸੰਸਥਾਈ , ਗੁਰੂ ਪੰਥ ਨਾਲ ਕੋਈ ਵੀ ਵਿਚਾਰ ਕੀਤੇ ਬਿਨਾ ਇਹ ਕੋਝੀ ਰਾਏ ਦਿੱਤੀ ਹੈ ।ਸ਼੍ਰੋਮਣੀ ਕਮੇਟੀ ਪਿਛਲੇ ਦਹਾਕਿਆਂ ਤੋ ਘੱਲੂਘਾਰਾ 1984 ਦੇ ਵਰਤਾਰੇ ਦੀ ਅਜੇ ਖੁਦ ਜਵਾਬ ਦੇਹ ਹੈ ? , ਸਗੋਂ ਇਹ ਹੋਰ ਕੇਸਰੀ ਨਿਸ਼ਾਨ ਸਾਹਿਬ ਨੂੰ ਇਤਿਹਾਸਕ ਤੌਰ ਤੇ ਮਿਟਾਉਣ ਦਾ ਵਾਰ ਕਰ ਰਹੀ ਹੈ ।ਬਾਦਲ ਟੋਲਾ ਤੇ ਇਸ ਦੇ ਥਾਪੇ ਗ੍ਰੰਥੀ ਜਥੇਦਾਰ ਹਰ ਉਹ ਗੁਨਾਹ ਕਰ ਰਹੇ ਹਨ , ਜੋ ਸਿੱਖ ਪੰਥ ਦੇ ਦੁਸ਼ਮਣਾਂ ਨੂੰ ਪਸੰਦ ਹੈ । ਇਹ ਕੌਮ ਨੂੰ ਨੀਵਾਂ ਦਿਖਾਉਣ ਲਈ ਹਰ ਆਏ ਦਿਨ ਨਵਾਂ ਤੇ ਕੋਝਾ ਵਾਰ ਕਰਦੇ ਹਨ ।ਇਹ ਸਭ ਕੁਝ ਬਾਦਲਾਂ ਤੇ ਜਥੇਦਾਰਾਂ ਦਾ ਉਪੱਦਰ ਸਿੱਖ ਇਤਿਹਾਸ ਨੂੰ ਮਲੀਆਮੇਟ ਕਰਨ ਦੇ ਤੁਲ ਹੈ ।ਕੇਸਰੀ ਨਿਸ਼ਾਨਾਂ ਨੂੰ ਬਦਲਨਾ ਗੈਰ-ਇਤਿਹਾਸਕ, ਗੈਰ ਪੰਥਕ ਹੈ ।ਸੰਸਾਰ ਦੇ ਸਿੱਖਾਂ ਲਈ ਇਹ ਜ਼ਰੂਰੀ ਬਣ ਗਿਆ ਕਿ ਇਸ ਦਾ ਠੋਕਵਾਂ ਉੱਤਰ ਦੇਣ ।ਅਸੀ ਪਿਛਲੇ ਛੇ ਦਹਾਕਿਆਂ ਤੋ ਹਰ ਔਖੀ ਘਾਟੀ ਸਤਿਗੁਰੂ ਦੀ ਬਖਸ਼ਿਸ , ਕੇਸਰੀ ਨਿਸ਼ਾਨ ਦੇ ਕੁਰਬਾਨੀਆਂ ਭਰੇ ਰੰਗ ਵਿਚ ਤੁਰ ਕੇ ਪਾਰ ਕੀਤੀ ਹੈ ।ਪੁਰਾਤਨ ਇਤਿਹਾਸ ਨਾਲ ਸਾਂਝ ਦੀ ਕੜੀ ਤੇ ਆਧਾਰਤ ਅੱਜ ਦੇ ਸਮੇਂ ਦਾ ਦੌਰ ਤੇ ਸ਼ਕਤੀ ਦਾ ਕੇਂਦਰ ਬਿੰਦੂ ਕੇਸਰੀ ਨਿਸ਼ਾਨ ਸਾਹਿਬ ਹੈ ।ਇਸ ਨੂੰ ਬਰਕਰਾਰ ਰੱਖਣਾ ਸਾਡਾ ਮੁੱਖ ਕਰਤੱਵ ਹੈ ।ਅਸੀਂ ਇਸੇ ਗੈ.ਰਤ ਦੇ ਪੰਨੇ ਦੇ ਪਾਂਧੀ ਹਾਂ ।ਇਹਨਾਂ ਬੀਤੇ ਦਹਾਕਿਆਂ ਦੀਆਂ ਸ਼ਹਾਦਤਾਂ ਦੇਸ਼ ਦੇ ਚੱਪੇ ਚੱਪੇ ਤੇ ਖ਼ੂਨ ਡੋਲ੍ਹਦੀਆਂ ਐਲਾਨ ਕਰ ਚੁੱਕੀਆਂ ਹਨ -" ਜਿੱਥੇ ਖ਼ੂਨ ਸ਼ਹੀਦਾਂ ਦਾ ਡੁੱਲ੍ਹ , ਉੱਥੇ ਨਿਸ਼ਾਨ ਕੇਸਰੀ ਝੁਲ੍ਹ " ।ਇਹ ਇਤਿਹਾਸਕ ਛਾਪ ਹੈ ਜੋ ਖ਼ੂਨੀ-ਰੰਗੀ ਹੈ , ਅਗਵਾਈ ਕੇਸਰੀ ਹੈ , ਕਲਗ.ੀਧਰ ਦਸ਼ਮੇਸ਼ ਪਿਤਾ ਦੀ ਬਖਸ਼ਿਸ ਕਰਕੇ ਹੈ ।ਇਹ ਪੁਰਾਤਨ ਘਲੂਘਾਰਿਆਂ ਨਾਲ ਇੱਕ ਇਤਿਹਾਸਕ ਸਾਂਝ ਅਤੇ ਸਿੱਖ ਕੌਮ ਦਾ ਭਵਿੱਖ ਹੈ ।ਇਸ ਨੂੰ ਬਾਦਲਕੇ , ਅਖੌਤੀ ਜਥੇਦਾਰ ਤੇ ਪੰਥ ਦੁਸ਼ਮਣ ਕਦੇ ਨਹੀ ਬਦਲ ਸਕਣਗੇ ।ਕੇਸਰੀ ਨਿਸ਼ਾਨ ਸਮੁੱਚੀ ਖ਼ਾਲਸਾ ਕੌਮ ਦੀ ਏਕਤਾ ਦਾ ਪ੍ਰਤੀਕ ਹੈ ।ਸ਼੍ਰੋਮਣੀ ਕਮੇਟੀ ਵੱਲੋਂ ਦਿੱਤਾ ਫੈਸਲਾ ਅਤੀ ਘਿਰਣਤ , ਨਿੰਦਨ ਯੋਗ , ਸਿੱਖ ਇਤਿਹਾਸਕ ਪਰੰਪਰਾ ਦੇ ਵਿਰੁੱਧ ਹੈ ।ਇਸ ਦਾ ਵਿਰੋਧ ਕਾਲੇ ਝੰਡਿਆਂ ਨਾਲ ਕੀਤਾ ਜਾਵੇ ।ਗੈ.ਰਤ ਮੰਦ ਸਿੱਖ ਇਤਿਹਾਸ ਵਿਰੁੱਧ ਧੀਰ ਮੱਲੀਏ ਸਾਜ਼ਿਸ਼ਾਂ ਘੜ ਕੇ ਸਿੱਖਾਂ ਦੀ ਕੌਮੀਅਤ ਵਿਰਾਸਤ ਉੱਤੇ ਵਾਰ ਕਰ ਰਹੇ ਹਨ ।ਹਰ ਗੁਰੂ ਅਸਥਾਨ ( ਅਰਦਾਸ ਦੇ ਸ਼ਬਦਾਂ ਤੇ ਪਹਿਰਾਂ ਦਿੰਦਿਆਂ ) ਤੇ ਕੇਸਰੀ ਝੰਡੇ ਝੂਲਦੇ ਰੱਖਣੇ ਜ਼ਰੂਰੀ ਹਨ ।ਜੋ ਕੋਈ ਵੀ ਕੇਸਰੀ ਨਿਸ਼ਾਨ ਤੋਂ ਇਨਕਾਰੀ ਹੋਵੇਗਾ , ਉਸ ਨੂੰ ਸਿਖ ਪੰਥ ਦਾ ਦੁਸ਼ਮਣ ਗਰਦਾਨ ਕਰਨਾ ਵੀ ਸਾਡਾ ਫਰਜ ਹੈ ।ਆਓ ਰਲ ਕੇ, ਇੱਕ ਆਵਾਜ਼ ਵਿੱਚ ਬਾਦਲਕਿਆਂ ਤੇ ਨਰਕਧਾਰੀਆਂ ਦਾ ਢੁਕਵਾਂ ਵਿਰੋਧ ਕਰੀਏ। ••

# ਦਸ਼ਮੇਸ਼ ਕਾਲਜ਼ ਫ਼ਾਰ ਵਿਮਨ, ਮਹਿਤਾ ਚੌਂਕ ਵਿਖੇ ਮਨਾਇਆ ਗਿਆ ਤੀਆਂ ਦਾ ਤਿਓਹਾਰ



ਚੌਂਕ ਮਹਿਤਾ, 2ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ)ਸਾਉਣ ਮਹੀਨੇ ਕੁੜੀਆਂ ਦਾ ਚਾਅ ਭਰ ਜੋਬਨ ਤੇ ਹੁੰਦਾ ਹੈ ਅਤੇ ਉਹਨਾਂ ਦੇ ਦਿਲ ਦੀਆਂ ਖੁਸ਼ੀਆਂ ਨੂੰ ਜ਼ਾਹਿਰ ਕਰਨ ਦਾ ਵਸੀਲਾ ਸਾਉਣ ਦਾ ਮਹੀਨਾ ਬਣਦਾ ਹੈ ।ਇਹਨਾਂ ਖੁਸ਼ੀਆਂ ਦੀ ਸੰਦੂਕੜੀ ਸਾਂਭੀਆਂ ਦਸ਼ਮੇਸ਼ ਕਾਲਜ ਫ਼ਾਰ ਵਿਮਨ, ਮਹਿਤਾ ਚੌਂਕ ਦੀਆਂ ਵਿਦਿਆਰਥਣਾਂ ਨੇ ਤੀਆਂ ਦਾ ਤਿਉਹਾਰ ਕਾਲਜ ਵਿਖੇ ਬੜੇ ਉਤਸ਼ਾਹ ਨਾਲ ਮਨਾਇਆ ।ਕਾਲਜ ਦੇ ਵਿਹੜੇ ਨੂੰ ਵੱਖਰੀਆਂ-ਵੱਖਰੀਆਂ ਉਮੰਗਾਂ ਤੇ ਖੁਸ਼ੀਆਂ ਨਾਲ ਭਾਗ ਲਾਏ।ਬੀ.ਏ. ਤੇ ਬੀ.ਕਾਮ ਦੀਆਂ ਵਿਦਿਆਰਥਣਾਂ ਨੇ ਕਾਲਜ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਅਤੇ ਇਸ ਦੇ ਨਾਲ ਬੀ.ਏ ਤੇ ਬੀ.ਕਾਮ ਭਾਗ ਦੂਜਾ, ਤੀਜਾ ਦੀਆਂ ਵਿਦਿਆਰਥਣਾਂ ਨੇ ਬੀ.ਏ ਤੇ ਬੀ.ਕਾਮ ਭਾਗ ਪਹਿਲਾ ਦੀਆਂ ਵਿਦਿਆਰਥਣਾਂ ਨੂੰ ਜੀ ਆਇਆਂ ਆਖਿਆ ਅਤੇ ਉਹਨਾਂ ਨੂੰ ਸਵਾਗਤੀ ਪਾਰਟੀ ਵੀ ਦਿੱਤੀ ।ਸਾਰੀਆਂ ਵਿਦਿਆਰਥਣਾਂ ਨੇ ਪੂਰੀ ਖੁਸ਼ੀ ਨਾਲ ਇਸ ਦਿਨ ਨੂੰ ਮਾਣਿਆ। ਇੱਕ ਦੂਜੇ ਨਾਲ ਰਲ-ਮਿਲ ਕੇ ਪੂਰੇ ਸਹਿਯੋਗ ਨਾਲ਼ ਇਸ ਦਿਨ ਦੀ ਖੁਸ਼ੀ ਨੂੰ ਹੋਰ ਚਾਰ-ਚੰਨ ਲਾਏ। ਵਿਦਿਆਰਥਣਾਂ ਨੂੰ ਤੀਆਂ ਦੇ ਤਿਉਹਾਰ ਬਾਰੇ ਦੱਸਦਿਆਂ ਸੰਸਥਾ ਦੇ ਚੇਅਰਮੈਨ ਸਰਦਾਰ ਗੁਰਦੀਪ ਸਿੰਘ ਰੰਧਾਵਾ ਜੀ ਨੇ ਕਿਹਾ ਕਿ ਤੀਆਂ ਸਾਡੇ ਸੱਭਿਆਚਾਰ ਦਾ ਜ਼ਰੂਰੀ ਅੰਗ ਹਨ ਅਤੇ ਵਿਰਸਾ ਸੰਭਾਲ ਕੇ ਰੱਖਣਾ ਅੱਜ ਦੀ ਨੌਜਵਾਨ ਪੀੜੀ ਦਾ ਮੁੱਖ ਕਰਤੱਵ ਹੈ ।ਸੰਸਥਾ ਦੇ ਵਾਇਸ ਪ੍ਰਿੰਸੀਪਲ ਮੈਡਮ ਬਲਜੀਤ ਕੌਰ ਤੇ ਕੋ-ਆਰਡੀਨੇਟਰ ਮੈਡਮ ਰਵਿੰਦਰ ਕੌਰ ਨੇ ਵੀ ਨਵੀਆਂ ਵਿਦਿਆਰਥਣਾਂ ਦਾ ਸਵਾਗਤ ਕੀਤਾ ਅਤੇ ਆਉਣ ਵਾਲੇ ਉੱਜਵਲ ਭਵਿੱਖ ਲਈ ਅਸ਼ੀਰਵਾਦ ਦਿੱਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਬੈਸਟ ਫੋਟੋਗਰਾਫਰ ਵੈਲਫੇਅਰ ਐਸੋਸੀਏਸ਼ਨ ਬਟਾਲਾ ਨੇ ਫੂਜੀ ਫਿਲਮ ਕੈਮਰੇ ਦੀ ਵਰਕਸ਼ਾਪ ਬਟਾਲਾ ਵਿਖੇ ਲਗਾਈ ਗਈ



**ਚੌਂਕ ਮਹਿਤਾ, 1 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਇਹ ਵਰਕਸ਼ਾਪ ਹੈਪੀ ਫੋਟੋ ਸੇਲ ਰਵਿੰਦਰ ਸਿੰਘ ਅੰਮ੍ਰਿਤਸਰ ਦੇ ਸਹਿਯੋਗ ਨਾਲ ਅਤੇ ਪ੍ਰਧਾਨ ਸੁਖਵਿੰਦਰ ਸਿੰਘ ਦੇ ਰਹਿਨਮਈ ਹੇਠ ਲਗਾਈ ਗਈ ਇਸ ਮੌਕੇ ਤੇ ਫੂਜੀ ਕੈਮਰਾ ਦੇ ਇੰਜੀਨੀਅਰ ਐਮ ਐਸ ਰੋਹਿਤ ਨਿਕਾਲ ਇੰਜੀਨੀਅਰ ਅਬਮਨ ਅਤੇ ਪੂਰੇ ਸਟਾਫ ਨੇ ਬੈਸਟ ਫੋਟੋਗ੍ਰਾਫਰ ਦੇ ਮੈਂਬਰਾਂ ਨੂੰ ਬੜੇ ਵਧੀਆ ਤਰੀਕੇ ਨਾਲ ਕੈਮਰੇ ਦੀ ਫਰੀ ਜਾਣਕਾਰੀ ਦਿੱਤੀ ਉਹਨਾਂ ਨੇ ਦੱਸਿਆ ਕਿ ਜੋ ਆਉਣ ਵਾਲਾ ਸਮਾਂ ਇੱਕ ਟੈਕਨੋਲਜੀ ਦਾ ਯੁਗ ਹੈ ਜੋ ਕਿ ਹਰ ਬੰਦੇ ਨੂੰ ਸਿੱਖਣ ਦੀ ਲੋੜ ਹੈ ਇਸ ਮੌਕੇ ਤੇ ਫੂਜੀ ਕੈਮਰੇ ਦੇ ਟੈਕਨੀਕਲ ਅਫਸਰ ਜਸਬੀਰ ਜੀ ਨੇ ਦੱਸਿਆ ਕਿ ਫੂਜੀ ਕੈਮਰਾ 100 ਸਾਲ ਪੁਰਾਣਾ ਕੈਮਰਾ ਹੈ ਜਿਸ ਨਾਲ ਲੋਕ ਜਮੀਨੀ ਪੱਧਰ ਤੋਂ ਲੈ ਕੇ ਸੰਸਦ ਅਤੇ ਖੇਡ ਮੈਦਾਨ ਤੱਕ ਫੂਜੀ ਕੈਮਰੇ ਨਾਲ ਕੰਮ ਕਰ ਰਹੇ ਹਨ ਇਸ ਮੌਕੇ ਤੇ ਉਹਨਾਂ ਨੇ ਫੋਟੋਗਰਾਫਾਂ ਦੀ ਭਲਾਈ ਲਈ ਦੱਸਿਆ ਕਿ ਜੋ ਵਰਕਸ਼ਾਪ ਹੈ ਹਰ ਫੋਟੋਗਰਾਫ ਨੂੰ ਲਾਉਣੀ ਬਹੁਤ ਜਰੂਰੀ ਹੈ ਇਸ ਮੌਕੇ ਤੇ ਉਹਨਾਂ ਨੇ ਕਲੱਬ ਦੀ ਸਲਾਗਾ ਵੀ ਕੀਤੀ ਕੀ ਇਕ ਬਹੁਤ ਹੀ ਵਧੀਆ ਉਪਰਾਲਾ ਹੈ ਜਿਸ ਨਾਲ ਕਾਫੀ ਫੋਟੋਗ੍ਰਾਫਰਾਂ ਨੂੰ ਇਸ ਬਾਰੇ ਜਾਣਕਾਰੀ ਪ੍ਰਾਪਤ ਹੋਈ ਹੈ ਕੀਤਾ ਇਸ ਮੌਕੇ ਤੇ ਪ੍ਰਧਾਨ ਸੁਖਵਿੰਦਰ ਸਿੰਘ ਧੁੱਪਸੜੀ ਨੇ ਆਏ ਹੋਏ ਫੂਜੀ ਕੰਪਨੀ ਦੇ ਸਟਾਫ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ ਇਸ ਮੌਕੇ ਤੇ ਪ੍ਰਧਾਨ ਸੁਖਵਿੰਦਰ ਸਿੰਘ ਧੁੱਪ ਸੜੀ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਚੌਹਾਨ ਸਰਕਲ ਪ੍ਰਧਾਨ ਕਰਮਜੀਤ ਸਿੰਘ ਲਾਲੀ ਮਹਿਤਾ ਚੌਂਕ ਜਨਰਲ ਸੈਕਟਰੀ ਆਕਾਸ਼ਦੀਪ ਢਿੱਲੋਂ ਕੈਸ਼ੀਅਰ ਕਮਲ ਨੈਨ ਸਹਾਇਕ ਕੈਸ਼ੀਅਰ ਅੰਨਥੀਨ ਮੀਤ ਪ੍ਰਧਾਨ ਦਲਜੀਤ ਸਿੰਘ ਜਿਲਾ ਸੈਕਟਰੀ ਗੋਰੀ ਸਰਕਲ ਪ੍ਰਧਾਨ ਸੰਘਾ ਜਿਲਾ ਚੇਅਰਮੈਨ ਮਦਨ ਲਾਲ ਜਿਲਾ ਪ੍ਰਧਾਨ ਦਲਜੀਤ ਸਿੰਘ ਜਿਲਾ ਸੀਨੀਅਰ ਮੀਤ ਪ੍ਰਧਾਨ ਜੀਵਨ ਜਵਾਡ ਸੈਕਟਰੀ ਭਪਿੰਦਰ ਸਿੰਘ ਜਿਲਾ ਸੈਕਟਰੀ ਰਾਜਪਾਲ ਪੀਅਰ ਬਿੱਲਾ ਜਿਲਾ ਮੀਤ ਪ੍ਰਧਾਨ ਮਾਨਵ ਜਿਲਾ ਸੈਕਰਟਰੀ ਰਮਨ ਦਫਤਰ ਇੰਚਾਰਜ ਜਗਦੀਸ਼ ਵਿਜੇ ਭਾਟੀਆ ਸਰਕਲ ਪ੍ਰਧਾਨ ਮਨਜੀਤ ਸਿੰਘ ਸਰਵਨ ਸਿੰਘ ਜਿਲਾ ਸੈਕਟਰੀ ਵਿਜੇ ਕੁਮਾਰ ਮਹਾਜਨ ਜੀ ਪ੍ਰੈਸ ਸਕੱਤਰ ਅਸ਼ੋਕ ਮਹਿਰਾ ਸਰਕਲ ਪ੍ਰਧਾਨ ਵਰਿੰਦਰ ਬਾਊ ਗੇਜਾ ਸਿੰਘ ਗਿੱਲ ਸਰਕਲ ਪ੍ਰਧਾਨ ਰਾਜਨ ਬਾਬਾ ਬਕਾਲਾ ਗੋਪੀ ਫਤਿਹਗੜ੍ਹ ਚੂੜੀਆਂ ਗੋਲਡੀ ਅਜਨਾਲਾ ਮਾਨ ਬੋਝਾ ਲਾਡੀ ਰੰਗੜ ਨੰਗਲ ਕੁਲਬੀਰ ਮਹਿਤਾ ਚੌਂਕ ਗੁਰਮੀਤ ਤਰਸਿੱਕਾ ਸੁਭ ਮਹਿਤਾ ਸਾਗਰ ਬਾਬਾ ਬਕਾਲਾ ਭਾਰਤ ਰਾਗਵ ਚੌਹਾਨ ਗੁਰਮੀਤ ਸਿੰਘ ਸਿਕੰਦਰ ਗੋਲਡੀ ਸਰਵਨ ਲਾਲੀ ਸਟੂਡੀਓ ਧਾਰੀਵਾਲ ਨਾਗੇ ਸਟੂਡੀਓ ਬਟਾਲਾ ਬਾਬਾ ਸਟੂਡੀਓ ਆਮੋ ਨੰਗਲ ਜਨਰਲ ਜਿਲਾ ਰਮਨ ਗੁਰਾਇਆ ਬਟਾਲਾ ਆਦਿ ਹਾਜਰ ਸਨ ਇਸ ਮੌਕੇ ਤੇ ਪ੍ਰਧਾਨ ਸੁਖਵਿੰਦਰ ਸਿੰਘ ਅਤੇ ਸਾਰੀ ਟੀਮ ਵੱਲੋਂ ਆਏ ਹੋਏ ਫੂਜੀ ਕੈਮਰੇ ਦੇ ਸਟਾਫ ਨੂੰ ਫੁੱਲ ਮਾਲਾ ਪਾ ਕੇ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਅੰਤਰਰਾਸ਼ਟਰੀ ਖਿਡਾਰੀ ਰਿਟਾ: ਐਸ ਪੀ ਬਲਜੀਤ ਸਿੰਘ ਲਾਲੀ ਉਦੋਨੰਗਲ ਦਾ ਦੇਹਾਂਤ

**ਚੌਂਕ ਮਹਿਤਾ, 02 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ )**- ਪਿੰਡ ਉਦੋਂ ਨੰਗਲ ਦੇ ਅੰਤਰਰਾਸ਼ਟਰੀ ਖਿਡਾਰੀ ਰਿਟ:ਐਸ.ਪੀ ਬਲਜੀਤ ਸਿੰਘ ਲਾਲੀ ਦਾ ਸੰਖੇਪ ਬਿਮਾਰੀ ਦੇ ਚੱਲਦਿਆਂ ਬੀਤੇ ਦਿਨੀਂ ਦੇਹਾਂਤ ਹੋ ਗਿਆ ।ਇਸ ਮੌਕੇ ਭਰੇਂ ਮਨ ਨਾਲ ਇੰਸਪੈਕਟਰ ਗੁਰਮੇਜ ਸਿੰਘ ਰੰਧਾਵਾ, ਨੇਂ ਪੱਤਰਾਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਲਜੀਤ ਸਿੰਘ ਉਦੋਨੰਗਲ ਨੇ ਹਾਕੀ ਅੰਤਰਰਾਸ਼ਟਰੀ ਖੇਡਾਂ ਖੇਡ ਕੇ ਦੇਸ਼ ਦਾ ਨਾਮ ਰੋਸ਼ਨ ਕੀਤਾ। ਬਾਅਦ ਵਿੱਚ ਪੰਜਾਬ ਪੁਲਿਸ ਵਿੱਚ ਭਰਤੀ ਹੋ ਕੇ ਅਪਣੀ ਡਿਊਟੀ ਬਾਖ਼ੂਬੀ ਨਿਭਾਈ। ਉਨ੍ਹਾਂ ਦੇ ਜਾਣ ਨਾਲ ਉਹਨਾਂ ਦੇ ਭਰਾਤਾ ਅੰਤਰਰਾਸ਼ਟਰੀ ਖਿਡਾਰੀ ਬਲਬੀਰ ਸਿੰਘ, ਅੰਤਰਰਾਸ਼ਟਰੀ ਖਿਡਾਰੀ ਕੋਚ ਬਲਦੇਵ ਸਿੰਘ,ਰੰਧਾਵਾ ਸਪੋਰਟਸ ਕਲੱਬ ਤੇ ਇਲਾਕਾ ਨਿਵਾਸੀਆਂ ਨੂੰ ਵੱਡਾ ਘਾਟਾ ਪਿਆ। ਉਨ੍ਹਾਂ ਦਾ ਸੰਸਕਾਰ ਅੱਜ ਮਾਡਲ ਟਾਊਨ ਜਲੰਧਰ ਦੇ ਸ਼ਮਸ਼ਾਨਘਾਟ ਵਿਚ ਕੀਤਾ ਜਾਵੇਗਾ।




ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਪ੍ਰੋ. ਨਵ ਸੰਗੀਤ ਸਿੰਘ ਵੱਲੋਂ

# ਅਨੁਵਾਦਿਤ ਪੁਸਤਕ 'ਭੀਮਸੇਨ ਜੋਸ਼ੀ' ਜਾਰੀ

**ਤਲਵੰਡੀ ਸਾਬੋ, 02 ਅਗਸਤ (ਗੁਰਜੰਟ ਸਿੰਘ ਨਥੇਹਾ)**- ਪੰਜਾਬੀ ਸਾਹਿਤ ਜਗਤ ਵਿੱਚ ਇਹ ਖ਼ਬਰ ਬੜੀ ਪ੍ਰਸੰਨਤਾ ਨਾਲ ਸੁਣੀ ਜਾਵੇਗੀ ਕਿ ਪੰਜਾਬੀ ਦੇ ਪ੍ਰਸਿੱਧ ਅਨੁਵਾਦਕ ਅਤੇ ਲੇਖਕ ਪ੍ਰੋ. ਨਵ ਸੰਗੀਤ ਸਿੰਘ, ਜੋ ਅੱਜਕੱਲ੍ਹ ਅਕਾਲ ਯੂਨੀਵਰਸਿਟੀ, ਤਲਵੰਡੀ

ਆਵਾਜ਼ਿ ਕੌਮ AWAZE QAUM International Newspaper & WEB TV



ਸਾਬੋ (ਬਠਿੰਡਾ) ਵਿਖੇ ਪ੍ਰਾਧਿਆਪਕ ਵਜੋਂ ਕਾਰਜਸ਼ੀਲ ਹਨ, ਵੱਲੋਂ ਅਨੁਵਾਦ ਕੀਤੀ 25ਵੀਂ ਕਿਤਾਬ 'ਭੀਮਸੇਨ ਜੋਸ਼ੀ' ਪ੍ਰਕਾਸ਼ਿਤ ਹੋ ਚੁੱਕੀ ਹੈ। ਇਹ ਕਿਤਾਬ ਉਨ੍ਹਾਂ ਨੇ ਹਿੰਦੀ ਤੋਂ ਅਨੁਵਾਦ ਕੀਤੀ ਹੈ। ਜ਼ਿਕਰਯੋਗ ਹੈ ਕਿ ਪ੍ਰੋ. ਸਿੰਘ ਨੇ ਅਨੁਵਾਦ ਦੇ ਕਾਰਜ ਨੂੰ ਇੱਕ ਚੁਣੌਤੀ ਵਜੋਂ ਪ੍ਰਵਾਨ ਕੀਤਾ ਹੈ ਤੇ ਉਨ੍ਹਾਂ ਦ ?' ਵਧੇਰੇ ਕਾਰਜ ਅਨੁਵਾਦ ਨਾਲ ਹੀ ਸੰਬੰਧਿਤ ਹੈ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਪ੍ਰੋ. ਸਿੰਘ ਨੇ ਦੱਸਿਆ ਕਿ 'ਭੀਮਸੇਨ ਜੋਸ਼ੀ' ਨਾਂ ਦੀ ਇਹ ਪੁਸਤਕ ਐਨਬੀਟੀ ਇੰਡੀਆ (ਨੈਸ਼ਨਲ ਬੁੱਕ ਟ੍ਰੱਸਟ ਇੰਡੀਆ, ਨਵੀਂ ਦਿੱਲੀ) ਵੱਲੋਂ ਜੁਲਾਈ 2024 ਵਿੱਚ ਪ੍ਰਕਾਸ਼ਿਤ ਹੋ ਕੇ ਸਾਹਮਣੇ ਆਈ ਹੈ। ਮੂਲ ਹਿੰਦੀ ਵਿੱਚ ਲਿਖੀ ਅਤੇ ਰੰਗ-ਬਿਰੰਗੇ ਚਿੱਤਰਾਂ ਨਾਲ ਸੁਸੱਜਿਤ ਇਹ ਪੁਸਤਕ ਐਨਬੀਟੀ ਵੱਲੋਂ ਨਹਿਰੂ ਬਾਲ ਪੁਸਤਕਮਾਲਾ ਦੇ ਅੰਤਰਗਤ 9-11 ਸਾਲ ਦੇ ਬੱਚਿਆਂ ਲਈ ਛਾਪੀ ਗਈ ਹੈ। ਪ੍ਰੋ. ਸਿੰਘ ਨੇ ਇਹ ਵੀ ਦੱਸਿਆ ਕਿ ਪੰਡਤ ਭੀਮਸੇਨ ਜੋਸ਼ੀ (1922-2011) ਸ਼ਾਸਤਰੀ ਸੰਗੀਤ ਦੇ ਮਹਾਨ ਗਾਇਕ ਸਨ, ਜਿਨ੍ਹਾਂ ਨੇ ਉਸਤਾਦ ਹਾਫ਼ਿਜ਼ ਅਲੀ ਖਾਂ, ਪਹਾੜੀ ਸਾਨਿਆਲ, ਭਗਤ ਮੰਗਤ ਰਾਮ, ਵਿਨਾਇਕ ਰਾਵ ਪਟਵਰਧਨ ਅਤੇ ਸਵਾਈ ਗੰਧਰਵ ਜਿਹੇ ਦਿੱਗਜ ਸੰਗੀਤਕਾਰਾਂ ਤੋਂ ਸੰਗੀਤ ਦੀ ਸਿੱਖਿਆ ਹਾਸਲ ਕੀਤੀ। ਪੰਡਤ ਜੀ ਨੇ ਹਿੰਦੀ ਫ਼ਿਲਮਾਂ ਲਈ ਵੀ ਆਪਣੀ ਗਾਇਕੀ ਪੇਸ਼ ਕੀਤੀ। ਪਦਮਸ਼੍ਰੀ, ਪਦਮ ਭੂਸ਼ਨ, ਪਦਮ ਵਿਭੂਸ਼ਣ ਅਤੇ ਭਾਰਤ ਰਤਨ ਜਿਹੇ ਉੱਚਕੋਟੀ ਦੇ ਸਨਮਾਨਾਂ ਨਾਲ ਅਲੰਕ੍ਰਿਤ ਪੰਡਤ ਜੀ ਨੂੰ ਸਧਾਰਨ ਲੋਕ 'ਮਿਲੇ ਸੁਰ ਮੇਰਾ ਤੁਮਾਰਾ...' ਦੀ ਗਾਇਕੀ ਨਾਲ ਜਾਣਦੇ ਹਨ। ਇੱਥੇ ਇਹ ਦੱਸਣਾ ਵੀ ਯੋਗ ਹੋਵੇਗਾ ਕਿ ਪ੍ਰੋ. ਸਿੰਘ ਨੇ ਐਨਬੀਟੀ ਲਈ ਇਸ ਤੋਂ ਪਹਿਲਾਂ ਵੀ 'ਕੁੰਵਰ ਸਿੰਘ ਅਤੇ 1857 ਦੀ ਕ੍ਰਾਂਤੀ' ਨਾਮਕ ਇੱਕ ਕਿਤਾਬ ਦਾ ਅਨੁਵਾਦ ਕੀਤਾ ਹੈ, ਜੋ 2008 ਵਿੱਚ ਪ੍ਰਕਾਸ਼ਿਤ ਹੋਈ ਸੀ। ਸਾਹਿਤਕ ਅਤੇ ਅਕਾਦਮਿਕ ਜਗਤ ਨਾਲ ਸੰਬੰਧਿਤ ਸ਼ਖਸੀਅਤਾਂ ਵੱਲੋਂ ਪ੍ਰੋ. ਸਿੰਘ ਨੂੰ ਉਨ੍ਹਾਂ ਦੀ ਇਸ ਅਨੁਵਾਦਿਤ ਪੁਸਤਕ ਲਈ ਲਗਾਤਾਰ ਵਧਾਈ-ਸੰਦੇਸ਼ ਮਿਲ ਰਹੇ ਹਨ।

ਜੈਨੇਸਿਸ ਅਮਨਦੀਪ ਹਸਪਤਾਲ ਫ਼ਿਰੋਜ਼ਪੁਰ ਦੁਆਰਾ

# ਆਰਥੋਪੀਡਿਕ ਅਤੇ ਨਿਊਰੋ ਰੋਗਾਂ ਲਈ ਵਿਸ਼ੇਸ਼ ਓ.ਪੀ.ਡੀ ਆਯੋਜਤ

**ਫ਼ਿਰੋਜ਼ਪੁਰ, 2 ਅਗਸਤ (ਮਨੋਹਰ ਲਾਲ) :—** ਆਰਥੋਪੀਡਿਕ ਅਤੇ ਨਿਊਰੋ ਮਰੀਜ਼ਾਂ ਨੂੰ ਰਾਹਤ ਪ੍ਰਦਾਨ ਕਰਨ ਅਤੇ ਉਨ੍ਹਾਂ ਨੂੰ ਖੇਤਰ ਵਿੱਚ ਆਧੁਨਿਕ ਆਰਥੋਪੀਡਿਕ ਅਤੇ ਨਿਊਰੋ ਇਲਾਜਾਂ ਅਤੇ ਤਕਨੀਕਾਂ ਦੀ ਉਪਲਬਧਤਾ ਬਾਰੇ ਦੱਸਣ ਲਈ ਜੈਨੇਸਿਸ ਅਮਨਦੀਪ ਹਸਪਤਾਲ, ਫ਼ਿਰੋਜ਼ਪੁਰ ਨੇ

ਆਵਾਜ਼ਿ ਕੌਮ AWAZE QAUM International Newspaper & WEB TV



ਆਰਥੋਪੀਡਿਕ ਅਤੇ ਨਿਊਰੋ ਰੋਗਾਂ ਦੇ ਮਰੀਜ਼ਾਂ ਲਈ ਡਾ: ਅਵਤਾਰ ਸਿੰਘ ਚੀਫ਼ ਆਰਥੋਪੀਡਿਕ ਸਰਜਨ, ਅਮਨਦੀਪ ਹਸਪਤਾਲ ਅੰਮ੍ਰਿਤਸਰ ਅਤੇ ਡਾ ਸੁਮਿਤ ਦੇਵਿੰਦਰ ਗੁਪਤਾ ਕੰਸਲਟੰਟ ਨਿਊਰੋਲੋਜਿਸਟ ਅਮਨਦੀਪ ਹਸਪਤਾਲ ਅੰਮ੍ਰਿਤਸਰ ਦੀ ਅਗਵਾਈ ਹੇਠ ਇਕ ਵਿਸ਼ੇਸ਼ ਓ.ਪੀ.ਡੀ ਆਯੋਜਤ ਕੀਤੀ।

ਸਪੈਸ਼ਲ ਓ.ਪੀ.ਡੀ ਦੀ ਖ਼ਬਰ ਮਿਲਦਿਆਂ ਸਾਰ ਹੀ ਇਲਾਕੇ ਵਿਚ ਆਰਥੋਪੀਡਿਕ ਅਤੇ ਨਿਊਰੋ ਰੋਗਾਂ ਤੋਂ ਪੀੜਤ ਮਰੀਜ਼ ਵੱਡੀ ਗਿਣਤੀ ਵਿਚ ਜੈਨੇਸਿਸ ਅਮਨਦੀਪ ਹਸਪਤਾਲ ਫ਼ਿਰੋਜ਼ਪੁਰ ਵਿਖੇ ਪੁੱਜ ਗਏ। ਇਸ ਮੌਕੇ ਮਰਦ, ਔਰਤਾਂ ਅਤੇ ਬੱਚਿਆਂ ਸਮੇਤ ਹਰ ਉਮਰ ਅਤੇ ਪਿਛੋਕੜ ਦੇ ਲੋਕ ਜੋ ਕਿ ਵੱਖ—ਵੱਖ ਆਰਥੋਪੀਡਿਕ ਅਤੇ ਨਿਊਰੋ ਬਿਮਾਰੀਆਂ ਤੋਂ ਪੀੜਤ ਸਨ ਅਤੇ ਇਨ੍ਹਾਂ ਤੋਂ ਰਾਹਤ ਚਾਹੁੰਦੇ ਸਨ, ਵਿਸ਼ਵ ਪ੍ਰਸਿੱਧ ਆਰਥੋਪੀਡਿਕ ਸਰਜਨ ਡਾ: ਅਵਤਾਰ ਸਿੰਘ ਜਿਨ੍ਹਾਂ ਨੇ ਪਿਛਲੇ 34 ਸਾਲਾਂ ਵਿੱਚ 1।55 ਲੱਖ ਤੋਂ ਵੱਧ ਸਰਜਰੀਆਂ ਕੀਤੀਆਂ ਹਨ ਅਤੇ ਡਾ: ਗੁਪਤਾ ਜਿਨ੍ਹਾਂ ਨੂੰ ਨਿਊਰੋਲੋਜੀ ਵਿੱਚ ਬਹੁਤ ਤਜਰਬਾ ਹੈ, ਨੂੰ ਸਲਾਹ ਮਸ਼ਵਰੇ ਲਈ ਇਸ ਓ.ਪੀ.ਡੀ ਵਿਚ ਮਿਲੇ। ਡਾ: ਅਵਤਾਰ ਸਿੰਘ ਪਹਿਲੇ ਪੰਜਾਬੀ ਆਰਥੋਪੀਡਿਕ ਸਰਜਨ ਹਨ ਜਿਨ੍ਹਾਂ ਨੇ 5000 ਤੋਂ ਵੱਧ ਸਫਲ ਰੋਬੋਟਿਕ ਨੀ—ਰਿਪਲੇਸਮੈਂਟ ਸਰਜਰੀਆਂ ਕੀਤੀਆਂ ਹਨ। ਉਨ੍ਹਾਂ ਨੇ 1990 ਤੋਂ ਲੈ ਕੇ ਹੁਣ ਤੱਕ 27000 ਤੋਂ ਵੱਧ ਜੋੜ ਬਦਲਣ ਦੀਆਂ ਸਰਜਰੀਆਂ ਕੀਤੀਆਂ ਹਨ। ਇਸ ਤੋਂ ਇਲਾਵਾ 18 ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਪ੍ਰਕਾਸ਼ਨਾਵਾਂ ਉਨ੍ਹਾਂ ਦੇ ਨਾਮ ਹਨ। ਇਸ ਵਿਸ਼ੇਸ਼ ਓ.ਪੀ.ਡੀ ਦੌਰਾਨ 200 ਤੋਂ ਵੱਧ ਮਰੀਜ਼ਾਂ ਨੇ ਡਾਕਟਰ ਅਵਤਾਰ ਸਿੰਘ ਤੋਂ ਆਪਣੀ ਆਰਥੋਪੀਡਿਕ ਬਿਮਾਰੀਆਂ ਲਈ ਜਾਂਚ ਕਰਵਾਈ, ਜਦੋਂ ਕਿ ਡਾ: ਗੁਪਤਾ ਨੇ ਨਿਊਰੋਲੋਜੀਕਲ ਬਿਮਾਰੀਆਂ ਤੋਂ ਪੀੜਤ ਲਗਭਗ 50 ਮਰੀਜ਼ਾਂ ਦੀ ਜਾਂਚ ਕੀਤੀ। ਹਸਪਤਾਲ ਸਟਾਫ ਵੱਲੋਂ ਇਸ ਵਿਸ਼ੇਸ਼ ਓ.ਪੀ.ਡੀ ਦੌਰਾਨ ਕਈ ਤਰ੍ਹਾਂ ਦੀਆਂ ਆਰਥੋਪੀਡਿਕ ਅਤੇ ਨਿਊਰੋ ਬਿਮਾਰੀਆਂ ਤੋਂ ਪਰੇਸ਼ਾਨ ਮਰੀਜ਼ਾਂ ਦੀ ਜਾਂਚ ਕੀਤੀ। ਇਹ ਖੇਤਰ ਆਰਥੋਪੀਡਿਕ ਅਤੇ ਨਿਊਰੋ ਬਿਮਾਰੀਆਂ ਦੇ ਇਲਾਜ ਲਈ ਲੰਬੇ ਸਮੇਂ ਤੋਂ ਇੱਕ ਚੰਗੇ ਹਸਪਤਾਲ ਦੀ ਭਾਲ ਵਿੱਚ ਸੀ। ਡਾ ਅਵਤਾਰ ਸਿੰਘ ਨੇ ਕਿਹਾ ਕਿ ਅਮਨਦੀਪ ਗਰੁੱਪ ਆਫ਼ ਹਾਸਪਿਟਲਸ ਨੇ ਇਸ ਲੋੜ ਨੂੰ ਪਛਾਣਿਆ ਅਤੇ ਮੈਨੂੰ ਇਹ ਕਹਿੰਦੇ ਹੋਏ ਮਾਣ ਅਤੇ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਅਸੀਂ ਫ਼ਿਰੋਜ਼ਪੁਰ ਵਿੱਚ ਜੈਨੇਸਿਸ ਅਮਨਦੀਪ ਹਸਪਤਾਲ ਖੋਲ੍ਹ ਕੇ ਇਸ ਮੰਗ ਨੂੰ ਪੂਰਾ ਕਰਨ ਦੇ ਯੋਗ ਹੋਏ ਹਾਂ, ਇਸ ਤੋਂ ਪਹਿਲਾਂ ਕਿ ਪੀੜਤ ਮਨੁੱਖਤਾ ਲਈ ਇੱਥੇ ਸਥਿਤੀ ਹੋਰ ਵਿਗੜ ਜਾਵੇ। ਉਨ੍ਹਾਂ ਕਿਹਾ ਕਿ ਓ.ਪੀ.ਡੀ ਦੀ ਸਫਲਤਾ ਤੋਂ ਇਲਾਵਾ ਆਰਥੋਪੀਡਿਕ ਅਤੇ ਨਿਊਰੋ ਮਰੀਜ਼ਾਂ ਦੀ ਵੱਡੀ ਗਿਣਤੀ ਇਹ ਦਰਸਾਉਂਦੀ ਹੈ ਕਿ ਮਰੀਜ਼ ਲੰਬੇ ਸਮੇਂ ਤੋਂ ਵਧੀਆ ਅਤੇ ਸਹੀ ਸਿਹਤ ਸਹੂਲਤਾਂ ਦੀ ਉਡੀਕ ਕਰ ਰਹੇ ਸਨ ਅਤੇ ਆਖਰਕਾਰ ਇਹ ਮਿਲਣ ਤੇ ਉਹ ਖੁਸ਼ ਹਨ। ਜੈਨੇਸਿਸ ਅਮਨਦੀਪ ਹਸਪਤਾਲ ਫ਼ਿਰੋਜ਼ਪੁਰ, ਡਾਕਟਰ ਅਮਨਦੀਪ ਕੌਰ ਅਤੇ ਡਾਇਰੈਕਟਰ ਸ਼੍ਰੀ ਵਰਿੰਦਰ ਮੋਹਨ ਸਿੰਘਲ ਸੀ.ਏ ਵੱਲੋਂ ਫ਼ਿਰੋਜ਼ਪੁਰ ਦੇ ਲੋਕਾਂ ਨੂੰ ਇੱਕ ਤੋਹਫ਼ਾ ਹੈ, ਇਸ ਦਾ ਪ੍ਰਬੰਧ ਅਮਨਦੀਪ ਗਰੁੱਪ ਆਫ਼ ਹੌਸਪਿਟਲਜ਼, ਜਿਸਦਾ 34 ਸਾਲਾਂ ਦਾ ਮੈਡੀਕਲ ਅਤੇ ਸਰਜੀਕਲ ਉੱਤਮਤਾ ਦਾ ਇਤਿਹਾਸ ਹੈ, ਦੁਆਰਾ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਅਮਨਦੀਪ ਗਰੁੱਪ ਦੀਆਂ ਅੰਮ੍ਰਿਤਸਰ, ਪਠਾਨਕੋਟ, ਫਿਰੋਜ਼ਪੁਰ ਅਤੇ ਤਰਨਤਾਰਨ ਵਿੱਚ ਚਾਰ ਸ਼ਾਖਾਵਾਂ ਹਨ ਅਤੇ ਇਸ ਦੀ ਟੀਮ ਵਿਚ ਵੱਖ—ਵੱ ਖੇਤਰਾਂ ਵਿੱਚ ਵਿਸ਼ਵ ਪ੍ਰਸਿੱਧ ਡਾਕਟਰ ਅਤੇ ਸਰਜਨ ਸ਼ਾਮਿਲ ਹਨ।

ਰਾਹੁਲ ਗਾਂਧੀ ਵਲੋਂ ਭਾਰਤ ਅੰਦਰ ਜਾਤੀ ਜਨਗਣਨਾ ਸੰਬੰਧੀ ਕਾਨੂੰਨ ਪਾਸ ਕਰਵਾਉਣ ਦੀ ਮੰਗ ਨਾਲ

# ਫਿਰਕਾਪ੍ਰਸਤੀ, ਊਚ-ਨੀਚ ਤੇ ਨਫਰਤ ਦਾ ਬੋਲਬਾਲਾ ਵਧੇਗਾ : ਪ੍ਰੋ. ਬਡੂੰਗਰ

**ਪਟਿਆਲਾ, 2 ਅਗਸਤ (ਆਵਾਜ਼ਿ ਕੌਮ ਬਿਊਰੋ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਾਬਕਾ ਪ੍ਰਧਾਨ ਅਫਸਰ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਰਾਸ਼ਟਰੀ ਆਗੂ ਤੇ ਭਾਰਤ ਦੀ ਪਾਰਲੀਮੈਂਟ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵਲੋਂ ਬੜੀ ਜ਼ੋਰ-ਸ਼ੋਰ ਨਾਲ ਭਾਰਤ ਅੰਦਰ ਜਾਤੀ ਜਨਗਣਨਾ ਸੰਬੰਧੀ

ਆਵਾਜ਼ਿ ਕੌਮ AWAZE QAUM International Newspaper & WEB TV



ਕਾਨੂੰਨ ਪਾਸ ਕਰਵਾਕੇ ਭਾਰਤ ਅੰਦਰ ਜਾਤੀ ਜਨਗਣਨਾ ਕਰਾਉਣ ਉਤੇ ਜ਼ੋਰ ਪਾਇਆ ਜਾ ਰਿਹਾ ਹੈ, ਜਦਕਿ ਭਾਰਤ ਅੰਦਰ ਪਹਿਲਾਂ ਹੀ ਅਣਗਿਣਤ ਜਾਤਾਂ, ਗੋਤ, ਊਚ-ਨੀਚ ਅਤੇ ਫਿਰਕਾਪ੍ਰਸਤੀ ਫੈਲੀ ਹੋਈ ਹੈ। ਉਨ੍ਹਾਂ ਕਿਹਾ ਕਿ ਲੋਕਾਂ ਅੰਦਰ ਇਸ ਜਾਤ-ਵੰਡ ਨੇ ਸਮਾਜ ਅੰਦਰ ਅਨੇਕਾਂ ਹੀ ਬਖੇੜੇ ਖੜੇ ਕੀਤੇ ਹੋਏ ਹਨ ਅਤੇ ਨਫਰਤ ਫੈਲੀ ਹੋਈ ਹੈ। ਉਹਨਾਂ ਕਿਹਾ ਕਿ ਸ੍ਰੀ ਰਾਹੁਲ ਗਾਂਧੀ ਦੀ ਇਹ ਮੰਗ ਉੱਕਾ ਹੀ ਗੈਰ-ਕੁਦਰਤੀ, ਗੈਰ-ਸਮਾਜਿਕ ਅਤੇ ਅਨੈਤਿਕਤਾ ਵਾਲੀ ਹੈ। ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਜੇਕਰ ਇਹ ਮੰਗ ਮੰਨ ਲਈ ਜਾਵੇ ਤਾਂ ਉਸ ਹਾਲਤ ਵਿਚ ਦੇਸ ਅੰਦਰ ਫਿਰਕਾਪ੍ਰਸਤੀ ਅਤੇ ਊਚ-ਨੀਚ ਹੋਰ ਵਧੇਗੀ ਅਤੇ ਨਫਰਤ ਦਾ ਬੋਲਬਾਲਾ ਹੋਵੇਗਾ, ਇਸ ਤਰ੍ਹਾਂ ਕਰਨ ਨਾਲ ਲਾਭ ਤਾਂ ਸ਼ਾਇਦ ਹੀ ਕਿਸੇ ਨੂੰ ਹੋਵੇ ਪਰ ਨੁਕਸਾਨ ਜ਼ਰੂਰ ਹੋਵੇਗਾ। ਉਹਨਾਂ ਕਿਹਾ ਕਿ ਇਸ ਲਈ ਸ੍ਰੀ ਰਾਹੁਲ ਗਾਂਧੀ ਅਤੇ ਕਾਂਗਰਸ ਪਾਰਟੀ ਨੂੰ ਅਜਿਹੇ ਕਾਰਜਾਂ ਬਾਰੇ ਸੋਚਣਾਂ ਵੀ ਨਹੀਂ ਚਾਹੀਦਾ ਹੈ। ਉਹਨਾਂ ਕਿਹਾ ਕਿ ਸੰਸਦ ਦੇ ਵਿੱਚ ਸੰਸਦ ਮੈਂਬਰਾਂ ਨੂੰ ਦੇਸ ਨਿਤ ਵੱਧ ਰਹੀ ਗਰੀਬੀ, ਬੇਰੁਜਗਾਰੀ, ਭੁੱਖਮਰੀ, ਅਨਪੜ੍ਹਤਾ, ਕਿਸਾਨਾਂ, ਮਜਦੂਰਾਂ, ਛੋਟੇ ਕਰਮਚਾਰੀਆਂ ਅਤੇ ਕਾਮਗਾਰਾਂ ਦੇ ਮਸਲੇ ਹੱਲ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ।

ਉਹਨਾਂ ਦੇਸ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਵੀ ਅਪੀਲ ਹੈ ਕਿ ਉਹ ਅਜਿਹੇ ਹੀ ਕਨੂੰਨ ਪਾਸ ਹੋਣ ਦੇਣ, ਜਿੰਨਾ ਨਾਲ ਦੇਸ ਦਾ ਭਲਾ ਹੈ।

# ਸਹਿਕਾਰੀ ਸੰਸਥਾ ਇਫਕੋ ਵੱਲੋਂ ਅੰਮ੍ਰਿਤਸਰ ਜਿਲ੍ਹੇ ਵਿੱਚ ਫਸਲਾਂ ਨੂੰ ਸਪਰੇਅ ਕਰਨ ਲਈ ਡਰੋਨ ਵੰਡੇ





**ਮਹਿਤਾ, 2 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਭਾਰਤੀ ਕਿਸਾਨਾਂ ਦੀ ਵਿਸ਼ਵ ਪੱਧਰੀ ਸਹਿਕਾਰੀ ਸੰਸਥਾ ਇਫਕੋ ਖੇਤੀ ਖੇਤਰ ਵਿੱਚ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀ ਹੈ ਅਤੇ ਕਿਸਾਨਾਂ ਨੂੰ ਹਾੜੀ ਤੇ ਸਾਉਣੀ ਦੀਆਂ ਫਸਲਾਂ ਲਈ ਸਮੇਂ ਸਿਰ ਖਾਦ ਮੁਹਈਆ ਕਰਾਉਣ ਵਿੱਚ ਚ ਆਪਣਾ ਯੋਗਦਾਨ

ਆਵਾਜ਼ਿ ਕੌਮ AWAZE QAUM International Newspaper & WEB TV

ਪਾ ਰਹੀ ਹੈ ਇਸ ਦੇ ਨਾਲ ਹੀ ਕਿਸਾਨਾਂ ਨੂੰ ਆਧੁਨਿਕ ਤਕਨੀਕ ਰਾਹੀਂ ਖੇਤੀ ਕਰਨ ਦੇ ਤਰੀਕੇ ਲੋੜੀਂਦਾ ਸਮਾਨ ਤੇ ਸਮੇਂ ਸਮੇਂ ਤੇ ਟ੍ਰੇਨਿੰਗ ਦੀਆਂ ਸਹੂਲਤਾਂ ਵੀ ਮੁਹਈਆ ਕਰਵਾ ਰਹੀ ਹੈ। ਇਸ ਸਬੰਧੀ ਕਿਸਾਨ ਸੇਵਾ ਕੇਂਦਰ ਰਈਆ ਦੇ ਸੁਖਬੀਰ ਸਿੰਘ, ਸ਼ਮਸ਼ੇਰ ਸਿੰਘ ਫੀਲਡ ਅਫਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਫਕੋ ਵੱਲੋਂ ਕਿਸਾਨਾਂ ਨੂੰ ਨਵੀਂ ਤਕਨੀਕ ਡਰੋਨ ਰਾਹੀਂ ਆਪਣੀਆਂ ਫਸਲਾਂ ਤੇ ਖਾਦ ਤੇ ਦਵਾਈਆਂ ਦੀ ਸਪਰੇ ਕਰਨ ਲਈ ਅੰਮ੍ਰਿਤਸਰ ਜਿਲ੍ਹੇ ਚ ਰਈਆ ਕਿਸਾਨ ਸੇਵਾ ਕੇਂਦਰ ਰਾਹੀਂ ਤਿੰਨ ਡਰੋਨ, ਇਲੈਕਟਰੋਲਿਕ ਵਾਹਨ ਗੁਰਪ੍ਰੀਤ ਸਿੰਘ ਸ਼ਾਹਪੁਰ, ਚਮਕੌਰ ਸਿੰਘ ਮਹਿਤਾ, ਜਗਪ੍ਰੀਤ ਸਿੰਘ ਥਾਣੇਵਾਲ ਨੂੰ ਦਿੱਤੇ ਗਏ ਹਨ। ਉਹਨਾਂ ਅੱਗੇ ਦੱਸਿਆ ਕਿ ਇਹਨਾਂ ਡਰੋਨਾਂ ਰਾਹੀਂ ਫਸਲਾਂ ਨੂੰ ਖਾਦ ਦਵਾਈ ਦੀ ਸਪਰੇ ਕਰਨ ਸਬੰਧੀ ਉਕਤ ਕਿਸਾਨਾਂ ਨੂੰ ਮਹਿਕਮੇ ਵੱਲੋਂ ਪੂਰੀ ਟ੍ਰੇਨਿੰਗ ਦਿੱਤੀ ਗਈ ਹੈ। ਇਸ ਨਾਲ ਕਿਸਾਨ ਭਰਾਵਾਂ ਨੂੰ ਸਪਰੇ ਕਰਨ ਵਿੱਚ ਬੜੀ ਸਹੂਲਤ ਮਿਲੇਗੀ ਨੈਨੋ ਉਤਪਾਦਾਂ ਸਮੇਤ ਹੋਰ ਸਪਰੇ ਸੁਚੱਜੇ ਢੰਗ ਨਾਲ ਕੀਤੀ ਜਾ ਸਕੇਗੀ। ਇਸ ਮੌਕੇ ਸੱਕਤਰ ਸਰਬਜੀਤ ਸਿੰਘ, ਸਕੱਤਰ ਅਮਨਬੀਰ ਸਿੰਘ, ਸੱਕਤਰ ਨਵਤੇਜ ਸਿੰਘ, ਸਕੱਤਰ ਜਗਤਾਰ ਸਿੰਘ, ਸਕੱਤਰ ਜਤਿੰਦਰ ਸਿੰਘ ਆਦਿ ਮੌਜੂਦ ਸਨ।

# ਪੰਥਕ ਆਗੂਆਂ ਨੇ ਥਾਣਾ ਸਦਰ ਦੇ ਐੱਸ ਐਚ ਓ ਪਲਵਿੰਦਰ ਸਿੰਘ ਨੂੰ ਇਲਾਕੇ ਵਿੱਚ ਵਧੀਆ ਕੰਮ ਕਰਨ ਤੇ ਕੀਤਾ ਸਨਮਾਨਿਤ



**ਅੰਮ੍ਰਿਤਸਰ, 2 ਜੂਨ (ਆਵਾਜ਼ਿ ਕੌਮ ਬਿਊਰੋ)**-ਅੱਜ ਜਥਾ ਛੇ ਜੂਨ ਭਿੰਡਰਾਂਵਾਲੇ ਅਤੇ ਅਕਾਲ ਖ਼ਾਲਸਾ ਦਲ ਦੇ ਸੀਨੀਅਰ ਲੀਡਰਾਂ ਅਤੇ ਹੋਰ ਪਤਵੰਤੇ ਸੱਜਣਾਂ ਵੱਲੋਂ ਥਾਣਾ ਸਦਰ ਦੇ ਐੱਸ ਐਚ ਓ ਸ੍ਰ ਪਲਵਿੰਦਰ ਸਿੰਘ ਜੀ ਨੂੰ ਉਹਨਾਂ ਦੀ ਵਧੀਆ ਕਾਰਗੁਜ਼ਾਰੀ ਦਾ ਕਰਕੇ ਉਹਨਾਂ ਦਾ ਸਨਮਾਨ ਕੀਤਾ ਗਿਆ। ਐਸ ਐਚ ਓ ਸ੍ਰ ਪਲਵਿੰਦਰ ਸਿੰਘ ਨੂੰ ਸਨਮਾਨਿਤ ਕਰਨ ਸਮੇਂ ਜਥਾ ਛੇ ਜੂਨ ਭਿੰਡਰਾਂਵਾਲੇ ਦੇ ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਜੀ ਖ਼ਾਲਿਸਤਾਨੀ, ਸ੍ਰੀ ਕਰਤਾਰਪੁਰ ਲਾਂਘਾ ਕਾਰੀਡੋਰ ਸੰਘਰਸ਼ ਕਮੇਟੀ ਦੇ ਕੋਆਰਡੀਨੇਟਰ ਭਾਈ ਸੁਰਿੰਦਰਪਾਲ ਸਿੰਘ ਜੀ ਤਾਲਿਬਪੁਰਾ,

ਆਵਾਜ਼ਿ ਕੌਮ AWAZE QAUM International Newspaper & WEB TV

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕਿਸਾਨ ਸੰਘਰਸ਼ ਕਮੇਟੀ ਦੇ ਜ਼ਿਲਾ ਅੰਮ੍ਰਿਤਸਰ ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਜੀ ਸੁੱਖ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਾਬਕਾ ਜਿਲਾ ਪ੍ਰੈਸ ਸਕੱਤਰ ਭਾਈ ਸ਼ਮਸ਼ੇਰ ਸਿੰਘ ਪੱਧਰੀ ਤੋਂ ਇਲਾਵਾ ਸ੍ਰ ਕਾਬਲ ਸਿੰਘ ਸਰਪੰਚ ਬੱਲ ਕਲਾਂ, ਸ੍ਰ ਗੁਰਮੇਜ ਸਿੰਘ, ਸ੍ਰ ਗੁਰਬਾਜ ਸਿੰਘ, ਸ੍ਰ ਗੁਰਵਿੰਦਰ ਸਿੰਘ, ਸ੍ਰ ਗੁਰਪ੍ਰੀਤ ਸਿੰਘ ਵੀ ਹਾਜ਼ਰ ਸਨ। ਸਮੂਹ ਪੰਥਕ ਸ਼ਖਸ਼ੀਅਤਾਂ ਵੱਲੋਂ ਥਾਣਾ ਸਦਰ ਪਹੁੰਚ ਕੇ ਐਸ ਐਚ ਸ੍ਰ ਪਲਵਿੰਦਰ ਸਿੰਘ ਵੱਲੋਂ ਇਲਾਕੇ ਵਿੱਚ ਬਿਨਾਂ ਕਿਸੇ ਭੇਦਭਾਵ ਕਨੂੰਨ ਨੂੰ ਮੁੱਖ ਰੱਖਦਿਆਂ ਲੋਕਾਂ ਨੂੰ ਬਣਦਾ ਇਨਸਾਫ਼ ਦਿਵਾਉਣ ਦੇ ਉਪਰਾਲਿਆਂ ਤੇ ਇਲਾਕੇ ਦੀ ਬਿਹਤਰੀ ਲਈ ਕੀਤੇ ਕੰਮਾਂ ਦਾ ਕਰਕੇ ਗੁਰੂ ਵੱਲੋਂ ਬਖਸ਼ਿਸ਼ ਸਿਰੋਪਾਓ ਪਾਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਐਸ ਐਚ ਓ ਪਲਵਿੰਦਰ ਸਿੰਘ ਜੀ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਉਹ ਇਲਾਕਾ ਨਿਵਾਸੀਆਂ ਨੂੰ ਬਿਨਾਂ ਕਿਸੇ ਭੇਦ ਭਾਵ ਇਨਸਾਫ਼ ਦਿਵਾਉਣ ਲਈ ਵਚਨਬੱਧ ਹਨ ਅਤੇ ਨਾਲ ਹੀ ਮੀਡੀਆ ਰਾਹੀਂ ਇਲਾਕਾ ਨਿਵਾਸੀਆਂ ਨੂੰ ਵੀ ਅਪੀਲ ਕੀਤੀ ਉਹ ਵੀ ਪੁਲਿਸ ਪ੍ਰਸ਼ਾਸਨ ਦਾ ਸਾਥ ਦੇਣ ਤਾਂ ਕਿ ਸਾਰੇ ਮੁਆਸ਼ਰੇ ਦਾ ਭਲਾ ਹੋ ਸਕੇ।

# ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਦੇ ਕਾਰਨ ਕੀ ਹਨ : ਪ੍ਰਿੰਸੀਪਲ ਪੁਨੀਤ ਪੁਰੀ





**ਚੌਕ ਮਹਿਤਾ, 2 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਵਾਤਾਵਰਣ ਕੋਈ ਵੀ ਚੀਜ਼ ਹੈ ਜੋ ਸਾਡੇ ਆਲੇ ਦੁਆਲੇ ਹੈ, ਰੁੱਖ, ਪੌਦੇ, ਹਵਾ, ਜੰਗਲ ਆਦਿ ਸਾਰੇ ਸਾਡੇ ਵਾਤਾਵਰਣ ਦਾ ਹਿੱਸਾ ਹਨ ਅਤੇ ਸਾਡੇ ਲਈ ਕਿਸੇ ਨਾ ਕਿਸੇ ਰੂਪ ਵਿੱਚ ਬਹੁਤ ਲਾਭਦਾਇਕ ਹਨ। ਸਾਡਾ ਕੁਦਰਤੀ ਵਾਤਾਵਰਣ ਸਾਨੂੰ ਸ਼ੁੱਧ ਅਤੇ ਤਾਜ਼ਾ ਪਾਣੀ ਪ੍ਰਦਾਨ ਕਰਦਾ ਹੈ ਜਿਸਦੀ ਵਰਤੋਂ ਅਸੀਂ ਪੀਣ ਲਈ ਕਰਦੇ ਹਾਂ, ਸਾਨੂੰ ਸ਼ੁੱਧ ਤਾਜ਼ੀ ਹਵਾ, ਫਲ ਅਤੇ ਸਬਜ਼ੀਆਂ, ਮੀਂਹ, ਧੁੱਪ ਆਦਿ ਪ੍ਰਦਾਨ ਕਰਦਾ ਹੈ ਜਿਸਦੀ ਵਰਤੋਂ ਅਸੀਂ ਆਪਣੇ ਪਾਲਣ-ਪੋਸ਼ਣ ਅਤੇ ਵਿਕਾਸ ਲਈ ਕਈ ਤਰੀਕਿਆਂ ਨਾਲ ਕਰਦੇ ਹਾਂ। ਵਾਤਾਵਰਣ ਵਿਗਾੜ ਇੱਕ ਅਜਿਹੀ ਸਥਿਤੀ ਦਾ ਵਰਣਨ ਕਰਨ ਲਈ ਵਰਤਿਆ ਜਾਣ ਵਾਲਾ ਸ਼ਬਦ ਹੈ ਜਿਸ ਵਿੱਚ ਸਾਡੇ ਕੁਦਰਤੀ ਵਾਤਾਵਰਣ ਦਾ ਇੱਕ ਹਿੱਸਾ ਨੁਕਸਾਨਿਆ ਜਾਂਦਾ ਹੈ। ਇਹ ਵਾਤਾਵਰਣ ਵਿੱਚ ਇੱਕ ਅਣਚਾਹੇ ਬਦਲਾਅ ਜਾਂ ਗੜਬੜ ਹੈ। ਇਸਦੀ ਵਰਤੋਂ ਜ਼ਮੀਨ, ਪਾਣੀ ਜਾਂ ਹਵਾ ਨੂੰ ਨੁਕਸਾਨ ਪਹੁੰਚਾਉਣ ਲਈ ਕੀਤੀ ਜਾ ਸਕਦੀ ਹੈ। ਵਾਤਾਵਰਣ ਦੇ ਵਿਗਾੜ ਦਾ ਮਤਲਬ ਜੈਵ ਵਿਭਿੰਨਤਾ ਦਾ ਨੁਕਸਾਨ ਅਤੇ ਇੱਕ ਖੇਤਰ ਵਿੱਚ ਕੁਦਰਤੀ ਸਰੋਤਾਂ ਦਾ ਨੁਕਸਾਨ ਵੀ ਹੋ ਸਕਦਾ ਹੈ।

ਇਹ ਪ੍ਰਦੂਸ਼ਣ ਜਾਂ ਕਿਸੇ ਹੋਰ ਕਾਰਨ ਕਰਕੇ ਹਵਾ ਅਤੇ ਮਿੱਟੀ ਵਰਗੇ ਸਰੋਤਾਂ ਦੀ ਕਮੀ ਦੁਆਰਾ ਕੁਦਰਤੀ ਵਾਤਾਵਰਣ ਦਾ ਵਿਗਾੜ ਹੈ, ਜਿਸ ਨਾਲ ਸਾਡੇ ਵਾਤਾਵਰਣ ਪ੍ਰਣਾਲੀ ਦੇ ਵਿਨਾਸ਼ ਦੇ ਨਾਲ-ਨਾਲ ਜੰਗਲੀ ਜੀਵ ਵੀ ਖਤਮ ਹੋ ਜਾਂਦੇ ਹਨ। ਮਨੁੱਖਜਾਤੀ ਅੱਜ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇੱਕ ਜਿਸ ਦਾ ਸਾਹਮਣਾ ਕਰ ਰਿਹਾ ਹੈ ਉਹ ਵਾਤਾਵਰਣ ਦੇ ਵਿਗਾੜ ਦਾ ਕਾਰਨ ਹੈ ਜਿਸ ਵਿੱਚ ਵੱਧ ਰਿਹਾ ਪ੍ਰਦੂਸ਼ਣ, ਆਬਾਦੀ, ਜੰਗਲਾਂ ਦੀ ਕਟਾਈ, ਮਾਰੂਥਲੀਕਰਨ ਸ਼ਾਮਲ ਹੈ, ਜੋ ਕਿ ਸਭ ਕੁਝ ਜਲਵਾਯੂ ਤਬਦੀਲੀ ਵੱਲ ਲੈ ਜਾਂਦਾ ਹੈ। ਜਲਵਾਯੂ ਪਰਿਵਰਤਨ ਅਤੇ ਵਾਤਾਵਰਣ ਦਾ ਵਿਗਾੜ ਕੁਝ ਖੇਤਰਾਂ ਲਈ ਨਹੀਂ, ਸਗੋਂ ਸਮੁੱਚੇ ਅੰਤਰਰਾਸ਼ਟਰੀ ਭਾਈਚਾਰੇ ਲਈ ਚਿੰਤਾ ਦਾ ਵਿਸ਼ਾ ਹੈ। ਵਾਤਾਵਰਣ ਦੀ ਗਿਰਾਵਟ ਉਹਨਾਂ ਸਮਾਜਾਂ ਦੀ ਕਮਜ਼ੋਰੀ ਨੂੰ ਵਧਾਉਂਦੀ ਹੈ ਜੋ ਇਹ ਪ੍ਰਭਾਵਿਤ ਕਰਦੀ ਹੈ ਅਤੇ ਸਰੋਤਾਂ ਦੀ ਕਮੀ ਵਿੱਚ ਯੋਗਦਾਨ ਪਾਉਂਦੀ ਹੈ ਅਤੇ ਕਈ ਵਾਰ ਕੁਝ ਕੁਦਰਤੀ ਆਫ਼ਤਾਂ ਦਾ ਕਾਰਨ ਵੀ ਬਣ ਸਕਦੀ ਹੈ ਜਾਂ ਕੁਦਰਤੀ ਆਫ਼ਤ ਦੇ ਸਮੇਂ ਉੱਚੀ ਤਬਾਹੀ ਦਾ ਕਾਰਨ ਬਣ ਸਕਦੀ ਹੈ। ਵਾਤਾਵਰਨ ਦੇ ਵਿਗਾੜ ਦਾ ਮੁੱਖ ਕਾਰਨ ਮਨੁੱਖ ਦੁਆਰਾ ਕੁਦਰਤ ਦਾ ਵਿਗਾੜ ਹੈ। ਵਾਤਾਵਰਣ ਦੇ ਪ੍ਰਭਾਵ ਦੀ ਡਿਗਰੀ ਕਾਰਨ, ਨਿਵਾਸ ਸਥਾਨ ਅਤੇ ਇਸ ਵਿੱਚ ਰਹਿਣ ਵਾਲੇ ਪੌਦਿਆਂ ਅਤੇ ਜਾਨਵਰਾਂ ਦੇ ਨਾਲ ਬਦਲਦੀ ਹੈ। ਸੰਯੁਕਤ ਰਾਸ਼ਟਰ ਦੇ ਉੱਚ-ਪੱਧਰੀ ਖ਼ਤਰੇ ਦੇ ਪੈਨਲ ਦੁਆਰਾ ਅਧਿਕਾਰਤ ਤੌਰ ’ਤੇ ਸਾਵਧਾਨ ਕੀਤੇ ਜਾਣ ਵਾਲੇ ਦਸ ਖ਼ਤਰਿਆਂ ਵਿੱਚੋਂ ਇੱਕ ਵਾਤਾਵਰਨ ਵਿਗਾੜ ਹੈ। ਵਾਤਾਵਰਣ ਦੇ ਵਿਗਾੜ ਨਾਲ ਤਾਜ਼ੇ ਪੀਣ ਵਾਲੇ ਪਾਣੀ, ਸਾਫ਼ ਹਵਾ, ਬਨਸਪਤੀ ਆਦਿ ਵਰਗੇ ਸਰੋਤਾਂ ਦੀ ਘਾਟ ਹੋ ਸਕਦੀ ਹੈ। ਜਲਵਾਯੂ ਤਬਦੀਲੀ ਤੀਬਰਤਾ ਦੇ ਨਾਲ-ਨਾਲ ਮੌਸਮ ਦੇ ਅਤਿ ਦੀ ਬਾਰੰਬਾਰਤਾ ਵਿੱਚ ਵਾਧਾ ਕਰਦੀ ਹੈ, ਜਿਵੇਂ ਕਿ ਗਰਮੀ ਦੀਆਂ ਲਹਿਰਾਂ, ਹੜ੍ਹਾਂ, ਸੋਕੇ ਅਤੇ ਗਰਮ ਚੱਕਰਵਾਤ ਜੋ ਕਿ ਸਮੇਂ ਬਹੁਤ ਬੇਅਰਾਮੀ ਦੇ ਨਾਲ-ਨਾਲ ਘਾਤਕ ਵੀ ਹੋ ਸਕਦੇ ਹਨ। ਸਭ ਤੋਂ ਕਮਜ਼ੋਰ ਖੇਤਰਾਂ ਵਿੱਚ ਰਹਿਣ ਵਾਲੇ ਲੋਕ, ਜਿਨ੍ਹਾਂ ਵਿੱਚ ਤੱਟਵਰਤੀ ਭਾਈਚਾਰਿਆਂ, ਛੋਟੇ ਟਾਪੂ ਦੇਸ਼ਾਂ, ਉਪ-ਸਹਾਰਾ ਅਫਰੀਕਾ ਅਤੇ ਏਸ਼ੀਆਈ ਡੈਲਟਾ ਖੇਤਰ ਸ਼ਾਮਲ ਹਨ, ਉਹ ਲੋਕ ਹਨ ਜੋ ਜਲਵਾਯੂ ਤਬਦੀਲੀ ਅਤੇ ਵਾਤਾਵਰਣ ਦੇ ਵਿਗਾੜ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। ਵਾਤਾਵਰਣ ਦੇ ਵਿਗਾੜ ਦੇ ਕਾਰਨ ਅਤੇ ਪ੍ਰਭਾਵ ਵਾਤਾਵਰਣ ਦੀ ਗਿਰਾਵਟ ਮਨੁੱਖ ਦੁਆਰਾ ਕੀਤੀਆਂ ਸਮਾਜਿਕ-ਆਰਥਿਕ, ਸੰਸਥਾਗਤ ਅਤੇ ਤਕਨੀਕੀ ਗਤੀਵਿਧੀਆਂ ਦੇ ਗਤੀਸ਼ੀਲ ਇੰਟਰਪਲੇਅ ਦੇ ਨਤੀਜੇ ਵਜੋਂ ਹੋ ਸਕਦੀ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਵਧਦੀਆਂ ਮਨੁੱਖੀ ਮੰਗਾਂ ਦੇ ਨਾਲ-ਨਾਲ ਭੁੱਖਮਰੀ ਵੀ ਵਾਤਾਵਰਣ ਦੇ ਵਿਗਾੜ ਦਾ ਇੱਕ ਵੱਡਾ ਕਾਰਕ ਹੈ। ਆਰਥਿਕ ਵਿਕਾਸ, ਜਨਸੰਖਿਆ ਵਾਧਾ, ਸ਼ਹਿਰੀਕਰਨ, ਖੇਤੀਬਾੜੀ ਦੀ ਤੀਬਰਤਾ, ਵੱਧ ਰਹੀ ਊਰਜਾ ਦੀ ਵਰਤੋਂ ਅਤੇ ਆਵਾਜਾਈ ਸਮੇਤ ਕਈ ਕਾਰਕਾਂ ਦੁਆਰਾ ਵਾਤਾਵਰਣ ਵਿੱਚ ਤਬਦੀਲੀਆਂ ਹੋ ਸਕਦੀਆਂ ਹਨ। ਜ਼ਮੀਨ ਦੀ ਅਣਉਚਿਤ ਵਰਤੋਂ ਮਿੱਟੀ ਦੇ ਵਿਗਾੜ ਦਾ ਇੱਕ ਵੱਡਾ ਕਾਰਨ ਹੋ ਸਕਦੀ ਹੈ। ਮਾੜੀਆਂ ਖੇਤੀ ਤਕਨੀਕਾਂ ਅਕਸਰ ਜ਼ਮੀਨ ਦੇ ਨਿਘਾਰ ਲਈ ਜ਼ਿੰਮੇਵਾਰ ਹੁੰਦੀਆਂ ਹਨ। ਖੇਤਾਂ ਨੂੰ ਨੰਗੇ ਛੱਡਣ, ਜਾਂ ਪਹਾੜੀ ਦੇ ਪਾਸਿਆਂ ਤੋਂ ਉੱਪਰ ਅਤੇ ਹੇਠਾਂ ਹਲ ਵਾਹੁਣ ਨਾਲ ਕਈ ਵਾਰ ਭਾਰੀ ਬਾਰਸ਼ ਦੀਆਂ ਘਟਨਾਵਾਂ ਵਿੱਚ ਮਿੱਟੀ ਦਾ ਗੰਭੀਰ ਕਟੌਤੀ ਹੋ ਸਕਦਾ ਹੈ ਕਿਉਂਕਿ ਮਿੱਟੀ ਵਿੱਚ ਕੁਝ ਵੀ ਨਹੀਂ ਹੁੰਦਾ ਹੈ। ਪ੍ਰਦੂਸ਼ਣ ਕਾਰਨ ਪਾਣੀ ਦੇ ਸਰੋਤਾਂ ਦੇ ਵਿਗਾੜ ਦੇ ਨਾਲ-ਨਾਲ ਹਵਾ ਦੀ ਗੁਣਵੱਤਾ ਵੀ ਪ੍ਰਭਾਵਿਤ ਹੋ ਸਕਦੀ ਹੈ। ਉੱਥੇਬਹੁਤ ਸਾਰੀਆਂ ਮਨੁੱਖੀ ਗਤੀਵਿਧੀਆਂ ਹਨ ਜੋ ਵਾਤਾਵਰਣ ਦੇ ਵਿਗਾੜ ਵੱਲ ਲੈ ਜਾਂਦੀਆਂ ਹਨ ਜਿਸ ਵਿੱਚ ਸ਼ਾਮਲ ਹਨ: ਜਲ ਪ੍ਰਦੂਸ਼ਣ: ਵਾਤਾਵਰਣ ਦੇ ਵਿਗਾੜ ਦੇ ਮੁੱਖ ਹਿੱਸਿਆਂ ਵਿੱਚੋਂ ਇੱਕ ਹੈ ਧਰਤੀ ਉੱਤੇ ਤਾਜ਼ੇ ਪਾਣੀ ਦੇ ਸਰੋਤਾਂ ਦੀ ਕਮੀ। ਪਾਣੀ ਦੀ ਇੱਕ ਅੰਦਾਜ਼ਨ ਮਾਤਰਾ ਹੈ ਜੋ ਪੀਣ ਦੇ ਯੋਗ ਹੈ ਅਤੇ ਇਹ ਧਰਤੀ ਦੇ ਸਾਰੇ ਪਾਣੀ ਦਾ ਸਿਰਫ 2.5% ਹੈ, ਬਾਕੀ ਖਾਰਾ ਪਾਣੀ ਹੈ। ਇਸ 2.5% ਪਾਣੀ ਵਿੱਚੋਂ 69% ਤਾਜ਼ੇ ਪਾਣੀ ਦੀ ਇੱਕ ਵੱਡੀ ਮਾਤਰਾ ਅੰਟਾਰਕਟਿਕਾ ਅਤੇ ਗ੍ਰੀਨਲੈਂਡ ਵਿੱਚ ਸਥਿਤ ਬਰਫ਼ ਦੇ ਟੋਪਿਆਂ ਵਿੱਚ ਜੰਮ ਜਾਂਦੀ ਹੈ, ਇਸਲਈ 2.5% ਤਾਜ਼ੇ ਪਾਣੀ ਵਿੱਚੋਂ ਸਿਰਫ 30% ਹੀ ਖਪਤ ਲਈ ਉਪਲਬਧ ਹੈ। ਤਾਜ਼ੇ ਪਾਣੀ ਇੱਕ ਬੇਮਿਸਾਲ ਮਹੱਤਵਪੂਰਨ ਸਰੋਤ ਹੈ ਕਿਉਂਕਿ ਧਰਤੀ ਉੱਤੇ ਜੀਵਨ ਅੰਤ ਵਿੱਚ ਇਸ ’ਤੇ ਨਿਰਭਰ ਹੈ। ਪਾਣੀ ਜੀਵ-ਮੰਡਲ ਦੇ ਅੰਦਰ ਪੌਸ਼ਟਿਕ ਤੱਤਾਂ ਅਤੇ ਰਸਾਇਣਾਂ ਨੂੰ ਜੀਵਨ ਦੇ ਸਾਰੇ ਰੂਪਾਂ ਵਿੱਚ ਪਹੁੰਚਾਉਂਦਾ ਹੈ, ਪੌਦਿਆਂ ਅਤੇ ਜਾਨਵਰਾਂ ਦੋਵਾਂ ਨੂੰ ਕਾਇਮ ਰੱਖਦਾ ਹੈ, ਅਤੇ ਪਦਾਰਥਾਂ ਦੀ ਆਵਾਜਾਈ ਅਤੇ ਜਮ੍ਹਾਂ ਹੋਣ ਨਾਲ ਧਰਤੀ ਦੀ ਸਤਹ ਨੂੰ ਢਾਲਦਾ ਹੈ। ਗੰਦਗੀ ਅਤੇ ਉਦਯੋਗਿਕ ਰਹਿੰਦ-ਖੂੰਹਦ ਨਾਲ ਸਾਡੇ ਮੌਜੂਦਾ ਜਲ ਸਰੋਤਾਂ ਨੂੰ ਤੇਜ਼ੀ ਨਾਲ ਪ੍ਰਦੂਸ਼ਿਤ ਕਰਨਾ ਸਾਡੇ ਵਾਤਾਵਰਣ ਦੇ ਨਾਲ-ਨਾਲ ਸਾਡੀ ਆਪਣੀ ਸਿਹਤ ਲਈ ਵੀ ਹਾਨੀਕਾਰਕ ਹੋ ਸਕਦਾ ਹੈ। ਪਾਣੀ ਮਨੁੱਖੀ ਗੁਜ਼ਾਰੇ ਲਈ ਬਹੁਤ ਮਹੱਤਵਪੂਰਨ ਹੈ, ਦੁਨੀਆ ਦੀ ਲਗਭਗ ਇੱਕ-ਪੰਜਵੀਂ ਆਬਾਦੀ ਭੌਤਿਕ ਪਾਣੀ ਦੀ ਘਾਟ ਵਾਲੇ ਖੇਤਰਾਂ ਵਿੱਚ ਰਹਿੰਦੀ ਹੈ, ਅਤੇ ਦੁਨੀਆ ਦੀ ਲਗਭਗ ਇੱਕ ਚੌਥਾਈ ਆਬਾਦੀ ਇੱਕ ਵਿਕਾਸਸ਼ੀਲ ਦੇਸ਼ ਵਿੱਚ ਰਹਿੰਦੀ ਹੈ ਜਿਸ ਕੋਲ ਉਪਲਬਧ ਨਦੀਆਂ ਅਤੇ ਪਾਣੀ ਦੇ ਪਾਣੀ ਦੀ ਵਰਤੋਂ ਕਰਨ ਲਈ ਲੋੜੀਂਦੇ ਬੁਨਿਆਦੀ ਢਾਂਚੇ ਦੀ ਘਾਟ ਹੈ। aquifers. ਸਾਨੂੰ ਆਪਣੇ ਰੋਜ਼ਾਨਾ ਦੇ ਕੰਮਾਂ ਲਈ ਪਾਣੀ ਦੀ ਲੋੜ ਹੁੰਦੀ ਹੈ ਅਤੇ ਪਾਣੀ ਤੋਂ ਬਿਨਾਂ ਜੀਵਨ ਦੀ ਕਲਪਨਾ ਕਰਨਾ ਅਸੰਭਵ ਹੈ। ਅਬਾਦੀ ਵਿੱਚ ਵਾਧਾ, ਵਧੇ ਹੋਏ ਸ਼ਹਿਰੀਕਰਨ, ਜੀਵਨ ਦੇ ਉੱਚੇ ਮਿਆਰਾਂ ਅਤੇ ਜਲਵਾਯੂ ਪਰਿਵਰਤਨ ਸਮੇਤ ਭਵਿੱਖ ਵਿੱਚ ਬਹੁਤ ਸਾਰੇ ਅਨੁਮਾਨਿਤ ਮੁੱਦਿਆਂ ਕਾਰਨ ਪਾਣੀ ਦੀ ਕਮੀ ਇੱਕ ਵਧਦੀ ਸਮੱਸਿਆ ਹੈ। ਇਸ ਲਈ ਪਾਣੀ ਦੇ ਸਰੋਤ ਆਸਾਨੀ ਨਾਲ ਪ੍ਰਦੂਸ਼ਿਤ ਹੋ ਸਕਦੇ ਹਨ ਅਤੇ ਸਾਡੇ ਵਾਤਾਵਰਨ ਨੂੰ ਖਰਾਬ ਕਰ ਸਕਦੇ ਹਨ। ਸ਼ਹਿਰੀ ਵਿਕਾਸ: ਵਾਤਾਵਰਣ ਦੇ ਵਿਗਾੜ ਦਾ ਇੱਕ ਹੋਰ ਵੱਡਾ ਕਾਰਨ ਸ਼ਹਿਰੀ ਵਿਕਾਸ ਹੈ। ਵਿਕਾਸ ਵਾਤਾਵਰਣ ਦੇ ਵਿਗਾੜ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਹੈ। ਆਬਾਦੀ ਦਿਨੋ-ਦਿਨ ਵਧ ਰਹੀ ਹੈ ਅਤੇ ਇਸੇ ਤਰ੍ਹਾਂ ਘਰਾਂ, ਪਾਣੀ, ਖੇਤਾਂ ਅਤੇ ਹੋਰ ਸਾਧਨਾਂ ਲਈ ਜ਼ਮੀਨ ਦੀ ਲੋੜ ਹੈ। ਕੁਦਰਤੀ ਸਰੋਤਾਂ ਦੀ ਲਾਪਰਵਾਹੀ ਨਾਲ ਵਰਤੋਂ ਅਤੇ ਜੈਵਿਕ ਈਂਧਨ ਨੂੰ ਸਾੜਨ ਦੇ ਕਾਰਨ, ਪਿਛਲੇ ਕੁਝ ਸਾਲਾਂ ਵਿੱਚ ਸਾਡੇ ਵਾਤਾਵਰਣ ਵਿੱਚ ਭਾਰੀ ਵਿਗਾੜ ਪੈਦਾ ਹੋਇਆ ਹੈ। ਵਾਤਾਵਰਣ ਦਾ ਵਿਗਾੜ ਵਾਤਾਵਰਣ ਦੇ ਸਭ ਤੋਂ ਜ਼ਰੂਰੀ ਮੁੱਦਿਆਂ ਵਿੱਚੋਂ ਇੱਕ ਹੈ। ਨੁਕਸਾਨ ’ਤੇ ਨਿਰਭਰ ਕਰਦੇ ਹੋਏ, ਕੁਝ ਵਾਤਾਵਰਣ ਕਦੇ ਵੀ ਠੀਕ ਨਹੀਂ ਹੋ ਸਕਦੇ ਹਨ। ਇਹ ਇੱਕ ਗੰਭੀਰ ਖ਼ਤਰਾ ਹੈ ਕਿ ਇਹਨਾਂ ਸਥਾਨਾਂ ਵਿੱਚ ਰਹਿਣ ਵਾਲੇ ਪੌਦੇ ਅਤੇ ਜਾਨਵਰ ਹਮੇਸ਼ਾ ਲਈ ਖਤਮ ਹੋ ਜਾਣਗੇ ਅਤੇ ਅਸਲ ਵਿੱਚ, ਇੱਥੇ ਕੁਝ ਪਹਿਲਾਂ ਹੀ ਅਲੋਪ ਹੋ ਚੁੱਕੇ ਹਨ। ਬਹੁਤ ਦੇਰ ਹੋ ਜਾਣ ਤੋਂ ਪਹਿਲਾਂ ਟਿਕਾਊ ਵਿਕਾਸ ਵੱਲ ਵਧਣ ਦਾ ਇਹ ਉੱਚਾ ਸਮਾਂ ਹੈ। ਭਵਿੱਖ ਦੇ ਕਿਸੇ ਵੀ ਪ੍ਰਭਾਵਾਂ ਨੂੰ ਘਟਾਉਣ ਲਈ, ਸ਼ਹਿਰ ਦੇ ਯੋਜਨਾਕਾਰਾਂ, ਉਦਯੋਗਾਂ ਅਤੇ ਸਰੋਤ ਪ੍ਰਬੰਧਕਾਂ ਨੂੰ ਵਾਤਾਵਰਣ ’ਤੇ ਵਿਕਾਸ ਦੇ ਲੰਬੇ ਸਮੇਂ ਦੇ ਪ੍ਰਭਾਵਾਂ ’ਤੇ ਵਿਚਾਰ ਕਰਨਾ ਚਾਹੀਦਾ ਹੈ। ਠੋਸ ਯੋਜਨਾਬੰਦੀ ਨਾਲ ਭਵਿੱਖ ਵਿੱਚ ਵਾਤਾਵਰਨ ਦੇ ਵਿਗਾੜ ਨੂੰ ਰੋਕਿਆ ਜਾ ਸਕਦਾ ਹੈ। ਜੰਗਲਾਂ ਦੀ ਕਟਾਈ ਅਤੇ ਮਿੱਟੀ ਦੀ ਗਿਰਾਵਟ: ਆਧੁਨਿਕੀਕਰਨ ਕਾਰਨ ਜੰਗਲਾਂ ਦੀ ਕਟਾਈ ਅਤੇ ਲੱਕੜ ਅਤੇ ਉਸਾਰੀ ਦੀਆਂ ਗਤੀਵਿਧੀਆਂ ਲਈ ਵੱਧ ਤੋਂ ਵੱਧ ਰੁੱਖਾਂ ਦੀ ਕਟਾਈ ਕਾਰਨ ਜੰਗਲਾਂ ਦੀ ਕਟਾਈ ਹੋ ਰਹੀ ਹੈ ਜੋ ਸਾਡੇ ਵਾਤਾਵਰਣ ਨੂੰ ਵੀ ਵਿਗਾੜ ਰਹੀ ਹੈ। ਮੌਤ ਅਤੇ ਬਿਮਾਰੀ ਜੰਗਲਾਂ ਦੀ ਕਟਾਈ ਕਾਰਨ ਸਥਾਨਕ ਹੜ੍ਹਾਂ ਦੇ ਨਤੀਜੇ ਵਜੋਂ ਹੋ ਸਕਦੀ ਹੈ। ਟਿਕਾਊ ਲੌਗਿੰਗ ਸਮਰੱਥਾ ਦਾ ਨੁਕਸਾਨ ਅਤੇ ਕਟੌਤੀ ਦੀ ਰੋਕਥਾਮ, ਵਾਟਰਸ਼ੈੱਡ ਸਥਿਰਤਾ ਅਤੇ ਜੰਗਲਾਂ ਦੁਆਰਾ ਪ੍ਰਦਾਨ ਕੀਤੀ ਗਈ ਕਾਰਬਨ ਜ਼ਬਤ ਜੰਗਲਾਂ ਦੀ ਕਟਾਈ ਦੇ ਉਤਪਾਦਕਤਾ ਪ੍ਰਭਾਵਾਂ ਵਿੱਚੋਂ ਇੱਕ ਹਨ। ਮਿੱਟੀ ਦਾ ਨਿਘਾਰ ਇੱਕ ਹੋਰ ਵੱਡਾ ਖ਼ਤਰਾ ਹੈ। ਘਟੀ ਹੋਈ ਮਿੱਟੀ ਕਿਸਾਨਾਂ ਲਈ ਕੁਪੋਸ਼ਣ ਦੇ ਖ਼ਤਰੇ ਨੂੰ ਵਧਾਉਂਦੀ ਹੈ। ਗਰਮ ਖੰਡੀ ਮਿੱਟੀ ’ਤੇ ਉਤਪਾਦਕਤਾ ਦੇ ਨੁਕਸਾਨ ਦਾ ਅਨੁਮਾਨ GNP ਦੇ 0.5-1.5 ਪ੍ਰਤੀਸ਼ਤ ਦੀ ਰੇਂਜ ਵਿੱਚ ਹੈ, ਜਦੋਂ ਕਿ ਸੈਕੰਡਰੀ ਉਤਪਾਦਕਤਾ ਨੁਕਸਾਨਜਲ ਭੰਡਾਰਾਂ, ਆਵਾਜਾਈ ਚੈਨਲਾਂ, ਅਤੇ ਹੋਰ ਹਾਈਡਰੋਲੋਜੀਕ ਨਿਵੇਸ਼ਾਂ ਦੇ ਸਿਲਟੇਸ਼ਨ ਲਈ। ਵਾਯੂਮੰਡਲ ਦੀਆਂ ਤਬਦੀਲੀਆਂ: ਵਾਯੂਮੰਡਲ ਦੀਆਂ ਤਬਦੀਲੀਆਂ ਸਾਡੇ ਵਾਤਾਵਰਣ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਬਹੁਤ ਸਾਰੀਆਂ ਕੁਦਰਤੀ ਗਤੀਵਿਧੀਆਂ ਜਿਵੇਂ ਕਿ ਲਾਵਾ ਫਟਣ ਨਾਲ ਵਾਯੂਮੰਡਲ ਵਿੱਚ ਬਹੁਤ ਸਾਰੀ ਸੁਆਹ ਅਤੇ ਧੂੰਏਂ ਨੂੰ ਛੱਡਿਆ ਜਾ ਸਕਦਾ ਹੈ ਜੋ ਸਾਡੇ ਵਾਤਾਵਰਣ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਮਨੁੱਖਾਂ ਵਿੱਚ ਤੇਜ਼ਾਬੀ ਮੀਂਹ ਅਤੇ ਚਮੜੀ ਦੀਆਂ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। ਓਜ਼ੋਨ ਦੀ ਕਮੀ ਹਰ ਸਾਲ ਚਮੜੀ ਦੇ ਕੈਂਸਰ ਦੇ 300,000 ਵਾਧੂ ਕੇਸਾਂ ਅਤੇ ਮੋਤੀਆਬਿੰਦ ਦੇ 1.7 ਮਿਲੀਅਨ ਕੇਸਾਂ ਲਈ ਜ਼ਿੰਮੇਵਾਰ ਹੈ। ਗਲੋਬਲ ਵਾਰਮਿੰਗ ਕਾਰਨ ਮੌਸਮੀ ਕੁਦਰਤੀ ਆਫ਼ਤਾਂ ਦੇ ਜੋਖਮ ਵਿੱਚ ਵਾਧਾ ਹੋ ਸਕਦਾ ਹੈ। ਉਤਪਾਦਕਤਾ ਦੇ ਪ੍ਰਭਾਵਾਂ ਵਿੱਚ ਤੱਟਵਰਤੀ ਨਿਵੇਸ਼ਾਂ ਨੂੰ ਸਮੁੰਦਰੀ ਵਾਧੇ ਦਾ ਨੁਕਸਾਨ, ਖੇਤੀਬਾੜੀ ਉਤਪਾਦਕਤਾ ਵਿੱਚ ਖੇਤਰੀ ਤਬਦੀਲੀਆਂ ਅਤੇ ਸਮੁੰਦਰੀ ਭੋਜਨ ਲੜੀ ਵਿੱਚ ਵਿਘਨ ਸ਼ਾਮਲ ਹੋ ਸਕਦਾ ਹੈ। ਜਨਸੰਖਿਆ ਵਾਧਾ: ਆਬਾਦੀ ਦਾ ਵਾਧਾ ਵਾਤਾਵਰਣ ਦੇ ਵਿਗਾੜ ਦਾ ਇੱਕ ਹੋਰ ਪ੍ਰਮੁੱਖ ਕਾਰਕ ਹੈ। ਵਧੀ ਹੋਈ ਅਬਾਦੀ ਦਾ ਮਤਲਬ ਹੈ ਘਰੇਲੂ, ਖੇਤੀਬਾੜੀ ਅਤੇ ਉਦਯੋਗਿਕ ਵਰਤੋਂ ਲਈ ਪਾਣੀ ਦੀ ਸਪਲਾਈ ਤੋਂ ਕਢਵਾਉਣਾ। ਵਧਦੀ ਆਬਾਦੀ ਦਾ ਮਤਲਬ ਹੈ ਹਰ ਮਕਸਦ ਲਈ ਤਾਜ਼ੇ ਪਾਣੀ ਦੀ ਮੰਗ ਵਧਦੀ ਹੈ। ਇਸ ਵਿੱਚੋਂ ਸਭ ਤੋਂ ਵੱਡੀ ਖੇਤੀ ਨੂੰ ਵਾਤਾਵਰਣ ਵਿੱਚ ਤਬਦੀਲੀ ਅਤੇ ਪਾਣੀ ਦੇ ਵਿਗਾੜ ਦਾ ਮੁੱਖ ਗੈਰ-ਜਲਵਾਯੂ ਚਾਲਕ ਮੰਨਿਆ ਜਾਂਦਾ ਹੈ। ਆਬਾਦੀ ਦਿਨੋਂ-ਦਿਨ ਵਧ ਰਹੀ ਹੈ ਅਤੇ ਪਾਣੀ ਦੇ ਸਾਧਨ ਸੀਮਤ ਹਨ ਅਤੇ ਵਧਦੀ ਆਬਾਦੀ ਵੀ ਗਰੀਬੀ ਦਾ ਇੱਕ ਵੱਡਾ ਕਾਰਨ ਹੈ। ਕਿਉਂਕਿ ਗਰੀਬ ਲੋਕ ਜ਼ਿਆਦਾਤਰ ਸਰੋਤਾਂ ਨੂੰ ਬਰਦਾਸ਼ਤ ਨਹੀਂ ਕਰ ਸਕਦੇ, ਇਸ ਲਈ, ਉਹ ਕੁਦਰਤੀ ਸਰੋਤਾਂ ਨੂੰ ਲਾਪਰਵਾਹੀ ਨਾਲ ਖਤਮ ਕਰਦੇ ਰਹਿੰਦੇ ਹਨ। ਉਦਾਹਰਣ ਵਜੋਂ, ਦਰਿਆਵਾਂ ਦੇ ਨੇੜੇ ਝੁੱਗੀਆਂ-ਝੌਂਪੜੀਆਂ ਹਰ ਕੰਮ ਲਈ ਪਾਣੀ ਦੀ ਵਰਤੋਂ ਕਰਦੀਆਂ ਹਨ ਅਤੇ ਆਪਣੇ ਕੱਪੜੇ ਧੋਣ ਦੇ ਨਾਲ-ਨਾਲ ਉੱਥੇ ਨਹਾ ਕੇ ਵੀ ਇਸ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਇਸ ਲਈ ਇਹ ਸਾਰੇ ਕਾਰਕ ਵਾਤਾਵਰਣ ਦੇ ਵੱਡੇ ਵਿਗਾੜ ਲਈ ਜੋੜਦੇ ਹਨ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਦਿਆਰਥੀ ਸੰਘਰਸ਼ ਨੂੰ ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਹਮਾਇਤ






**ਅੰਮ੍ਰਿਤਸਰ, 2 ਅਗਸਤ (ਆਵਾਜ਼ਿ ਕੌਮ ਬਿਊਰੋ)**-ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਚੱਲ ਰਹੇ ਵਿਦਿਆਰਥੀ ਸੰਘਰਸ਼ ਨੂੰ ਬੀਤੇ ਕੱਲ੍ਹ ਨੌਜਵਾਨ ਸੰਘਰਸ਼ਸ਼ੀਲ ਪੰਥਕ ਜਥੇਬੰਦੀ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਸਮਰਥਨ ਦਿੱਤਾ ਗਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮੁੱਖ ਗੇਟ ਅੱਗੇ ਲੱਗੇ ਮੋਰਚੇ ਵਿੱਚ ਪਹੁੰਚ ਕੇ ਯੂਨਾਈਟਿਡ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਜੁਗਰਾਜ ਸਿੰਘ ਮਝੈਲ ਅਤੇ ਸੱਥ ਦੇ ਆਗੂ ਭਾਈ ਜੁਝਾਰ ਸਿੰਘ ਦੇ ਨਾਲ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਮੁਲਾਕਾਤ ਕੀਤੀ ਅਤੇ ਭੁੱਖ ਹੜਤਾਲ ਉੱਤੇ ਬੈਠੇ ਨੌਜਵਾਨਾਂ ਦਾ ਵੀ ਹਾਲ ਜਾਣਿਆ। ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਵਿਦਿਆਰਥੀਆਂ ਦੀਆਂ ਮੰਗਾਂ ਵੱਲ ਤੁਰੰਤ ਧਿਆਨ ਦਿੱਤਾ ਜਾਵੇ, ਪੇਂਡੂ ਅਤੇ ਸਰਹੱਦੀ ਖੇਤਰ ਤੇ 1984 ਦੇ ਪੀੜਤਾਂ ਪਰਿਵਾਰਾਂ ਦੇ ਵਿਦਿਆਰਥੀਆਂ ਲਈ ਰਾਖਵੀਆਂ ਸੀਟਾਂ ਬਹਾਲ ਕੀਤੀਆਂ ਜਾਣ, ਫੀਸਾਂ ਦਾ ਲਗਾਤਾਰ 5% ਵਾਧਾ ਵਾਪਿਸ ਲਿਆ ਜਾਵੇ ਅਤੇ ਵਿਦਿਆਰਥੀ ਕੌਂਸਲ ਬਹਾਲ ਕੀਤੀ ਜਾਵੇ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਇਹ ਪੰਜਾਬ ਦੇ ਭਵਿੱਖ ਨਾਲ ਜੁੜਿਆ ਹੋਇਆ ਮਾਮਲਾ ਹੈ, ਇਸ ਨੂੰ ਸਰਕਾਰ ਗੰਭੀਰਤਾ ਨਾਲ ਲਵੇ। ਉਹਨਾਂ ਕਿਹਾ ਕਿ ਭੁੱਖ ਹੜਤਾਲ ਤੇ ਬੈਠੇ ਵਿਦਿਆਰਥੀਆਂ ਦਾ ਜੇਕਰ ਕੋਈ ਨੁਕਸਾਨ ਹੋਇਆ ਤਾਂ ਪੰਜਾਬ ਸਰਕਾਰ ਜਿੰਮੇਵਾਰ ਹੋਵੇਗੀ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਭਾਈ ਭੁਪਿੰਦਰ ਸਿੰਘ 6 ਜੂਨ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਵਿੱਚ ਦੋ ਯੂਨੀਵਸਟੀਆਂ ਹਨ, ਪਰ ਪਟਿਆਲਾ ਯੂਨੀਵਰਸਿਟੀ ਦੀ ਫੀਸ ਘੱਟ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਫੀਸ ਦੋ ਗੁਣਾ ਵੱਧ ਹੈ, ਇਸ ਤੋਂ ਵੱਡੀ ਹੋਰ ਧੱਕੇਸ਼ਾਹੀ ਕੀ ਹੋ ਸਕਦੀ ਹੈ। ਉਹਨਾਂ ਕਿਹਾ ਕਿ ਗਰੀਬਾਂ ਅਤੇ ਲੋੜਵੰਦ ਘਰਾਂ ਦੇ ਵਿਦਿਆਰਥੀ ਬੱਚੇ ਕਿਵੇਂ ਪੜਨਗੇ, ਮਹਿੰਗਾਈ ਨੇ ਤਾਂ ਪਹਿਲਾਂ ਹੀ ਲੋਕਾਂ ਦਾ ਲੱਕ ਤੋੜਿਆ ਹੋਇਆ ਹੈ। ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਦਿਆਰਥੀ ਮੋਰਚੇ ਵੱਲੋਂ ਪੰਜ ਅਗਸਤ ਨੂੰ ਦਿੱਤੇ ਪ੍ਰੋਗਰਾਮ ਦੇ ਵਿੱਚ ਹਰ ਇੱਕ ਜਥੇਬੰਦੀ ਸ਼ਾਮਿਲ ਹੋ ਕੇ ਵਿਦਿਆਰਥੀਆਂ ਦਾ ਸਾਥ ਦੇਵੇ।

# ਦੀਨਾਨਗਰ ਦੇ ਪਿੰਡ ਡੀਂਡਾ ਸਾਂਸੀਆਂ ਦੇ ਅੱਧੀ ਦਰਜਨ ਘਰਾਂ ਨੂੰ 12 ਅਗਸਤ ਤੱਕ ਖਾਲੀ ਕਰਨ ਦੇ ਹੁਕਮਾਂ ਸਮੇਤ 55 ਘਰਾਂ ਨੂੰ ਘਰ ਖਾਲੀ ਕਰਨ ਦੇ ਨੋਟਿਸ ਜਾਰੀ, ਮਚੀ ਹਾਹਾਕਾਰ



**ਦੀਨਾਨਗਰ, 2 ਅਗਸਤ (ਆਵਾਜ਼ਿ ਕੌਮ ਬਿਊਰੋ)** -ਵਿਧਾਨ ਸਭਾ ਦੀਨਾਨਗਰ ਹਲਕੇ ਅਧੀਨ ਆਉਂਦੇ ਪਿੰਡ ਡੀਡਾ ਸਾਂਸੀਆਂ ਦੇ 60 ਤੋਂ ਵੱਧ ਘਰਾਂ ਤੇ ਬੁਲਡੋਜ਼ਰ ਫੇਰਨ ਦੀ ਤਿਆਰੀ ਚ ਪ੍ਰਸ਼ਾਸ਼ਨ ਅੱਧੀ ਦਰਜਨ ਘਰਾਂ ਨੂੰ 12 ਅਗਸਤ ਤੱਕ ਖਾਲੀ ਕਰਨ ਦੇ ਹੁਕਮ ਜਾਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਜਾਣਕਾਰੀ ਅਨੁਸਾਰ ਨਸ਼ਿਆਂ ਦੇ ਗੜ੍ਹ ਵਜੋਂ ਜਾਣੇ ਜਾਂਦੇ ਪਿੰਡ ਡੀਡਾ ਸਾਂਸੀਆਂ ਵਿਖੇ ਕੁਝ ਕਰੀਬ ਇਕ ਮਹੀਨਾ ਪਹਿਲਾਂ ਸ਼ੱਕੀ ਹਾਲਤ ਵਿੱਚ ਤਿੰਨ ਵਿਅਕਤੀਆਂ ਦੀਆਂ ਲਾਸ਼ਾ ਮਿਲਣ ਮਗਰੋਂ ਪਿੰਡ ਨੂੰ ਮੁਸੀਬਤਾਂ ਨੇ ਘੇਰ ਲਿਆ ਸੀ। ਜਿਸ ਤੋਂ ਬਾਅਦ ਕਰੀਬ ਇੱਕ ਹਫਤਾ ਲਗਾਤਾਰ ਪੁਲਿਸ ਵੱਲੋਂ ਪਿੰਡ ਅੰਦਰ ਸਰਚ ਅਭਿਆਨ ਚਲਾਇਆ ਗਿਆ ਸੀ ਜਿਸ ਕਾਰਨ ਕਈ ਪਰਿਵਾਰ ਤਾਂ ਪਿੰਡ ਛੱਡ ਕੇ ਬਾਹਰ ਰਹਿਣ ਲਈ ਮਜਬੂਰ ਹੋ ਗਏ ਸਨ ਜਾਣਕਾਰੀ ਅਨੁਸਾਰ ਕਈ ਦਹਾਕੇ ਪਹਿਲਾਂ ਨਹਿਰੀ ਵਿਭਾਗ ਦੀ ਜਮੀਨ ਉਪੱਰ ਨਜਾਇਜ ਕਬਜਿਆਂ ਰਾਹੀਂ ਵਸੇ ਪਿੰਡ ਡੀਡਾ ਸਾਂਸੀਆਂ ਦੇ ਲੋਕਾਂ ਨੂੰ ਪ੍ਰਸ਼ਾਸ਼ਨ ਵੱਲੋਂ ਉਜਾੜਣ ਦੀ ਤਿਆਰੀ ਤਹਿਤ ਕਈ ਘਰਾਂ ਨੂੰ ਖਾਲੀ ਕਰਨ ਦੇ ਹੁਕਮ ਅਤੇ ਕਈ ਘਰਾਂ ਨੂੰ ਖਾਲੀ ਕਰਨ ਦੇ ਨੋਟਿਸ ਜਾਰੀ ਕਰ ਦਿੱਤੇ ਗਏ ਹਨ। ਜਿਸ ਮਗਰੋਂ ਪਿੰਡ ਵਿੱਚ ਹਾਹਾਕਾਰ ਮੱਚ ਗਈ ਹੈ ਇਸ ਮੌਕੇ ਪਿੰਡ ਦੇ ਵਸਨੀਕ ਵਿਜੇ ਕੁਮਾਰ, ਨਰਿੰਦਰ ਅਤੇ ਆਕਾਸ਼ ਆਦਿ ਗੱਲਬਾਤ ਦੌਰਾਨ ਦੱਸਿਆ ਕਿ ਪਿੰਡ ਦੇ 55 ਦੇ ਕਰੀਬ ਘਰਾਂ ਨੂੰ ਬੀਤੇ ਕੱਲ੍ਹ ਹੀ ਨੋਟਿਸ ਮਿਲੇ ਹਨ। ਜਿਸ ਵਿੱਚ ਅੱਜ ਇਕ ਅਗਸਤ ਨੂੰ ਨਹਿਰੀ ਕੁਲੈਕਟਰ ਗੁਰਦਾਸਪੁਰ ਕੋਲ ਪੇਸ਼ ਹੋਣ ਨੂੰ ਕਿਹਾ ਗਿਆ ਸੀ, ਪਰ ਅੱਜ ਜਦੋਂ ਉਹ ਨਹਿਰੀ ਕੁਲੈਕਟਰ ਦੇ ਦਫਤਰ ਵਿਖੇ ਗਏ ਤਾਂ ਉਹਨਾਂ ਦੀ ਕਿਸੇ ਨੇ ਵੀ ਕੋਈ ਗੱਲ ਨਹੀਂ ਸੁਣੀ। ਉਹਨਾਂ ਕਿਹਾ ਕਿ ਉਹਨਾਂ ਦੇ ਬਜੁਰਗ ਪਿਛਲੇ ਦੋ ਸੌ ਸਾਲਾਂ ਤੋਂ ਇੱਥੇ ਹੀ ਵੱਸੇ ਹੋਏ ਸਨ ਪਰ ਇਸ ਤੋਂ ਪਹਿਲਾਂ ਕਦੇ ਵੀ ਕਿਸੇ ਨੂੰ ਕੋਈ ਨਜਾਇਜ ਕਬਜਾ ਵਿਖਾਈ ਨਹੀਂ ਦਿੱਤਾ। ਉਹਨਾਂ ਕਿਹਾ ਕਿ ਹੁਣ ਪਿੰਡ ਵਿੱਚ ਸ਼ੱਕੀ ਹਾਲਤ ਵਿੱਚ ਤਿੰਨ ਮੌਤਾਂ ਹੋਣ ਮਗਰੋਂ ਹੀ ਪ੍ਰਸ਼ਾਸ਼ਨ ਨੂੰ ਨਜਾਇਜ ਕਬਜੇ ਕਿਉਂ ਵਿਖਾਈ ਦਿੱਤੇ ਹਨ ਜਦੋਂਕਿ ਉਹਨਾਂ ਦਾ ਨਸ਼ਿਆਂ ਦੇ ਕਾਰੋਬਾਰ ਨਾਲ ਕੋਈ ਵੀ ਵਾਹ ਵਾਸਤਾ ਨਹੀਂ ਹੈ ਜਿਸਦੀ ਪੁਲਿਸ ਤਸਦੀਕ ਵੀ ਕਰ ਚੁੱਕੀ ਹੈ। ਉਹਨਾਂ ਕਿਹਾ ਕਿ ਉਹਨਾਂ ਦੇ ਪਿੰਡ ਦੇ ਲੋਕ ਬਹੁਤੇ ਪੜੇ ਲਿਖੇ ਨਹੀਂ ਹਨ ਅਤੇ ਕਾਨੂੰਨ ਦਾਅ ਪੇਚ ਨਹੀਂ ਜਾਣਦੇ ਪਰ ਆਪਣੇ ਹੱਕਾਂ ਲਈ ਮਰਨਾ ਜਾਣਦੇ ਹਨ। ਉਹਨਾਂ ਕਿਹਾ ਕਿ ਉਹ ਅਪਣੇ ਘਰਾਂ ਨੂੰ ਕਿਸੇ ਵੀ ਕੀਮਤ ਤੇ ਖਾਲੀ ਨਹੀਂ ਕਰਨਗੇ ਅਤੇ ਇਸ ਲਈ ਉਹਨਾਂ ਨੂੰ ਜੋ ਵੀ ਕਰਨਾ ਪਿਆ ਉਹ ਕਰਨਗੇ ਉਹਨਾਂ ਕਿਹਾ ਕਿ ਨਜਾਇਜ ਕਬਜਿਆਂ ਦੇ ਬਹਾਨੇ ਪ੍ਰਸ਼ਾਸ਼ਨ ਵੱਲੋਂ ਪਿੰਡ ਨੂੰ ਉਜਾੜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸਨੂੰ ਉਹ ਬਰਦਾਸ਼ਤ ਨਹੀਂ ਕਰਨਗੇ। ਉਹਨਾਂ ਕਿਹਾ ਕਿ ਉਹਨਾਂ ਦੇ ਪਿੰਡ ਭਾਵੇਂ ਨਸ਼ਿਆਂ ਲਈ ਬਦਨਾਮ ਹੈ ਪਰ ਹੁਣ ਨਵੀਂ ਪੀੜ੍ਹੀ ਦੇ ਸਾਰੇ ਲੋਕ ਇਹ ਕੰਮ ਨਹੀਂ ਕਰਦੇ।

# ਕੌਣ ਸਾਹਿਬ ਨੂੰ ਆਖੇ ਇੰਞ ਨਹੀ ਇੰਞ ਕਰ...










ਬਸੰਤ ਇਕ ਮੌਸਮੀ ਤਿਓਹਾਰ ਦਾ ਨਾਮ ਹੈ ਜਿਸ ਵਿਚ ਹਰ ਤਰ੍ਹਾਂ ਦੇ ਫੁੱਲ ਖਿੜਦੇ ਹਨ ਖਾਸਕਰ ਗੇਂਦੇ ਫੁੱਲ ਦੇ ਦੋ ਰੰਗ ਮਹਤਵਪੂਰਣ ਹਨ ਇਕ ਖਾਲਸਾਈ ਕੇਸਰੀ ਅਤੇ ਦੂਜਾ ਪੀਲਾ ਹੁਣ ਜਥੇਦਾਰ ਕਿਸ ਰੰਗ ਨੂੰ ਪੰਥਕ ਮੰਨਦੇ ਹਨ ਵਰਤਮਾਨ ਵਿਵਾਦ ਦੇ ਉਹ ਜਵਾਬਦੇਹ ਹਨ।

ਪਰ ਖਾਲਸਾਈ ਰੰਗ ਬਾਰੇ ਕਿਸੇ ਵੀ ਪੰਥਕ ਕਹਾਉਣ ਵਾਲੇ ਸਿੱਖ ਨੂੰ ਭੁਲੇਖਾ ਨਹੀ ਹੋਣਾ ਚਾਹੀਦਾ ਬਾਬਾ ਬਘੇਲ ਸਿੰਘ ਨੇ ਜਦੋਂ ਦਿੱਲੀ ਫਤਿਹ ਕੀਤੀ ਤਾਂ ਉਥੇ ਕੇਸਰੀ ਨਿਸ਼ਾਨ ਸਾਹਿਬ ਝੂਲਿਆ ਸੀ ਇਤਿਹਾਸ ਜਿਸ ਦੀ ਗਵਾਹੀ ਭਰਦਾ ਹੈ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਚਾਲੀ ਸਾਲ ਦੇ ਰਾਜ ਦੌਰਾਨ ਦਰਾ ਖੈਬਰ ਤੋਂ ਲੈ ਕੇ ਲਾਹੌਰ ਦੇ ਸ਼ਾਹੀ ਕਿਲ੍ਹੇ ਤੇ ਝੂਲਣ

ਆਵਾਜ਼ਿ ਕੌਮ
AWAZE QAUM
International Newspaper & WEB TV

ਵਾਲਾ ਕੇਸਰੀ ਨਿਸ਼ਾਨ ਰਾਤੋ ਰਾਤ ਭਗਵਾਂ ਕਹਿ ਕੇ ਕਿਵੇਂ ਛੱਡ ਦਿੱਤਾ ਜਾਵੇ ਬੜੀ ਹਾਸੋਹੀਣੀ ਦਲੀਲ ਹੈ ਕਿ ਕੇਸਰੀ ਭਗਵੇਂ ਦਾ ਭੁਲੇਖਾ ਪਾਂਉਦਾ ਹੈ।

ਲੱਖਾਂ ਰੁਪਏ ਤਨਖਾਹ ਲੈਣ ਵਾਲੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਦਹਾਕਿਆਂ ਬੱਧੀ ਕੇਸਰੀ ਤੇ ਭਗਵੇਂ ਵਿਚ ਫਰਕ ਨਹੀ ਲੱਭ ਸਕੇ ਕਸੂਰ ਕਿਸਦਾ ਕੇਸਰੀ ਰੰਗ ਦਾ ਜਾਂ ਕੇਸਰੀ ਦੀ ਆੜ੍ਹ ਵਿਚ ਭਗਵਾਂ ਨਿਸ਼ਾਨ ਸਾਹਿਬ ਚੜ੍ਹਾਈ ਜਾਣ ਵਾਲੇ ਪ੍ਰਬੰਧਕਾਂ ਦਾ...?


ਸ਼ਮਸ਼ੇਰ ਸਿੰਘ ਜੇਠੂਵਾਲ

ਰਹਿਤ ਮਰਿਯਾਦਾ ਦੇ ਜਿਸ ਖਰੜੇ ਦੀ ਦੁਹਾਈ ਦੇ ਕੇ ਪੰਜ ਸਿੰਘ ਸਾਹਿਬ ਵਲੋਂ ਫੈਸਲਾ ਦੇਣ ਦੀ ਪ੍ਰਕਿਰਿਆ ਤਿਆਰ ਕੀਤੀ ਜਾ ਰਹੀ ਹੈ,ਸ੍ਰੌਮਣੀ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ ਦੀ ਪੁਸਤਕ ਜੋ 1982 ਵਿੱਚ ਛਪੀ ਸੀ।

ਉਸ ਸ੍ਰੋਤ ਦੇ ਮੁਤਾਬਕ ਇਹ ਖਰੜਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਣ ਹੀ ਨਹੀਂ ਹੋਇਆ ।

ਕਿਉਂਕਿ ਊਣਤਾਈਆਂ ਬਹੁਤ ਹਨ ਖਰੜੇ ਮੁਤਾਬਿਕ ਪੰਜਾਂ ਪਿਆਰਿਆਂ ਵਿਚ ਬੀਬੀਆਂ ਲਾਈਆਂ ਜਾ ਸਕਦੀਆਂ ਹਨ ਕੌਣ ਸਹਿਮਤ ਹੋਵੇਗਾ...?

ਖਰੜੇ ਮੁਤਾਬਕ ਰਾਗਮਾਲਾ ਪੜ੍ਹੋ ਚਾਹੇ ਨਾ ਪੜ੍ਹੋ ਇਹ ਕੀ ਮਰਿਯਾਦਾ ਹੋਈ...?

ਸਿੱਖ ਰਹਿਤ ਮਰਿਯਾਦਾ ਦਾ ਕੋਈ ਵੀ ਸਿੱਖ ਵਿਰੋਧੀ ਨਹੀ ਹੈ,ਸੋਧ ਕਰਕੇ ਖਰੜ ਨੂੰ ਪ੍ਰਵਾਣ ਕਰਵਾ ਲੈਣਾ ਚਾਹੀਦਾ ਹੈ,ਹਰ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਹੁਕਮ ਮੰਨਣ ਦਾ ਪਾਬੰਦ ਹੈ,ਪਰ ਜਥੇਦਾਰਾਂ ਅਤੇ ਧਾਰਮਿਕ ਲੀਡਰਸ਼ਿਪ ਵਲੋਂ ਹਰ ਵਾਰ ਪੰਥ ਸਾਹਮਣੇ ਮੱਥਾ ਲਾ ਕੇ ਬੈਠੇ ਲੋਕਾਂ ਨੂੰ ਖੁਸ਼ ਕਰਨ ਦੀ ਕੋਝੀ ਕੋਸ਼ਿਸ਼ ਕੀਤੀ ਜਾਂਦੀ ਹੈ ।

ਮਸਲਾ ਚਾਹੇ ਦੇਹਧਾਰੀ ਗੁਰੂਡੰਮੀ ਪਾਖੰਡੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁਆਫ਼ੀ ਦੇਣ ਦਾ ਹੋਵੇ ਜਾਂ ਦਸਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਗੁਰਬਾਣੀ ਦੇ ਨਿੰਦਕਾਂ ਨੂੰ ਦੀਵਾਨ ਹਾਲ ਮੰਜੀ ਸਾਹਿਬ ਤੋਂ ਸਨਮਾਨ ਦੇਣ ਦਾ ਕੈਸੀ ਬਦਕਿਸਮਤੀ ਹੈ ਪੰਥ ਦੀ ਜਿੰਨਾ ਲੋਕਾਂ ਦੇ ਕਾਲਜਾਂ ਦੀਆਂ ਲਾਇਬ੍ਰੇਰੀਆਂ ਪੰਥ ਚੋਂ ਖਾਰਜ ਦੋਖੀਆਂ ਦੀਆਂ ਕੂੜ ਲਿਖਤਾਂ ਨਾਲ ਭਰੀਆਂ ਹੋਣ ਉਨ੍ਹਾਂ ਦਾ ਸਨਮਾਨ ਪੰਥ ਦੀ ਸਭ ਤੋਂ ਵੱਡੀ ਸਟੇਜ ਤੋਂ ਹੈ ਕੋਈ ਪੁੱਛਣ ਵਾਲਾ ਕੌਣ ਸਾਹਿਬ ਨੂੰ ਆਖੇ ਇਓ ਨਹੀ ਐਓ ਕਰ ਵਾਲੀ ਕਹਾਵਤ ਇਸ ਵਰਤਾਰੇ ਤੇ ਖੂਬ ਢੁੱਕਦੀ ਹੈ।

ਦੋ ਢਾਈ ਦਹਾਕੇ ਪਹਿਲਾਂ ਸਿਆਸੀ ਪ੍ਰਭਾਵ ਅਧੀਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੇ ਨਾਮ ਤੇ ਇਕ ਜੰਤਰੀ ਲਾਗੂ ਕਰਕੇ ਸੂਰਜ ਚੰਦਰਮਾ ਦੇ ਨਿਯਮਾਂ ਦੇ ਉਲਟ ਸੰਗਰਾਂਦ,ਮੱਸਿਆ,ਪੁੰਨਿਆ,ਗੁਰਪੁਰਬ ਦਿਹਾੜੇ ਈਸਵੀ ਕੈਲੰਡਰ ਅਨੁਸਾਰ ਫਿਕਸ ਕਰਕੇ ਏਨਾ ਪੰਥ ਦਾ ਜੋ ਜਲੂਸ ਕੱਢਿਆ ਉਹ ਕਿਸੇ ਤੋਂ ਲੁਕਿਆ ਨਹੀ ।

ਆਓ ਵਿਸ਼ੇ ਵੱਲ ਪਰਤੀਏ ।

ਪੰਜ ਪਿਆਰਿਆਂ ਵਲੋਂ ਅੰਮ੍ਰਿਤ ਸੰਚਾਰ ਦੀ ਦਾਤ ਤੋਂ ਬਾਅਦ ਗੁਰਮਤਿ ਰਹਿਤ ਮਰਯਾਦਾ ਦ੍ਰਿੜ੍ਹ ਕਰਵਾਉਣ ਵੇਲੇ ਖਾਲਸੇ ਦੇ ਰੰਗਾਂ ਬਾਰੇ ਅੱਜ ਵੀ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਖਾਲਸੇ ਦੇ ਚਾਰ ਰੰਗ ਹਨ ।

ਚਿੱਟਾ,ਨੀਲਾ,ਕਾਲਾ,ਕੇਸਰੀ ਪਰ ਹੁਣ ਉਸੇ ਖਾਲਸਾਈ ਕੇਸਰੀ ਚੋਂ ਭਗਵਾਂ ਨਜ਼ਰ ਆਉਂਣ ਲੱਗ ਪਿਆ ਘੱਲੂਘਾਰਾ ਜੂਨ 1984 ਦੇ ਸਾਰੇ ਸੰਘਰਸ਼ ਵਿਚ ਹਜਾਰਾਂ ਸ਼ਹੀਦਾਂ ਦੀਆਂ ਕੇਸਰੀ ਰੰਗ ਵਿਚ ਰੰਗੀਆਂ ਸ਼ਹਾਦਤਾਂ ਹੋਈਆਂ ।

ਘੱਲੂਘਾਰੇ ਤੋਂ ਬਾਅਦ ਖਾਲਸਾ ਪੰਥ ਦੇ ਜਿੰਨੇ ਪੰਥਕ ਇਕੱਠ ਹੋਏ ਉਹ ਸਾਰੇ ਕੇਸਰੀ ਰੰਗਾਂ ਦੇ ਦੁੱਪਟੇ ਅਤੇ ਦਸਤਾਰਾਂ ਦੀ ਸੰਘਣੀ ਛਾਂ ਹੇਠ ਹੋਏ ਮਿਸਾਲ ਵਜੋਂ ਸਰਬੱਤ ਖਾਲਸਾ 1986 ਦੇ ਇਕੱਠ ਦੀਆਂ ਤਸਵੀਰਾਂ ਅੱਜ ਵੀ ਗਵਾਹੀ ਭਰਦੀਆਂ ਹਨ ।

ਜਥੇਦਾਰ ਸਾਹਿਬ ਪੰਥ ਦੇ ਫੈਸਲੇ ਬਹੁਤ ਗੰਭੀਰਤਾ ਨਾਲ ਵਿਚਾਰ ਤੋਂ ਬਾਅਦ ਹੋਣੇ ਚਾਹੀਦੇ ਹਨ ਨਾ ਕਿ ਰਾਤੋ ਰਾਤ ਬਸ ਏਨਾ ਹੀ ਧਿਆਨ ਰੱਖਿਆ ਜਾਵੇ ਕਿ ਵਰਤਮਾਨ ਵਿਚ ਪੰਥ ਦੇ ਅੱਗੇ ਕੌਣ ਸੀਸ ਝੁਕਾਉਂਦਾ ਹੈ ਅਤੇ ਕੌਣ ਦਹਾਕਿਆਂਬੱਧੀ ਮੱਥਾ ਲਾ ਕੇ ਬੈਠਾ ਹੈ ।

ਖਾਲਸਾ ਪੰਥ ਅੱਜ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਖੜਾ ਹੈ ਪਰ ਜਥੇਦਾਰਾਂ ਨੇ ਕਿਸ ਨਾਲ ਖੜਨਾ ਹੈ ਉਹ ਪੱਕਾ ਨਿਰਧਾਰਤ ਕਰਨ ਜੇਕਰ ਆਲਮ ਏਹੀ ਰਿਹਾ ਤਾਂ ਭਵਿੱਖ ਵਿਚ ਪੁਰਾਤਨ ਸਮੇਂ ਵਾਂਗ ਪੰਥ ਦਰਦੀਆਂ ਨੂੰ ਗੁਰੂਬੰਸ ਸਭਾਵਾਂ ਕਾਇਮ ਕਰਨੀਆਂ

## ਮਲਟੀਪਰਪਜ ਖੇਡ ਸਟੇਡੀਅਮ ਲਮੀਨੀ ਵਿਖੇ ਮਨਾਇਆ ਜਾਵੇਗਾ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ -ਡਿਪਟੀ ਕਮਿਸ਼ਨਰ

# ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਦੇ ਸਮਾਗਮ ਸਬੰਧੀ ਅਗੇਤੇ ਪ੍ਰਬੰਧ ਕਰਨ ਲਈ ਜ਼ਿਲ੍ਹਾ ਅਧਿਕਾਰੀਆਂ ਨਾਲ ਕੀਤੀ ਮੀਟਿੰਗ

### ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਵੱਖ-ਵੱਖ ਵਿਭਾਗਾਂ ਦੀਆਂ ਕੀਤੀਆਂ ਕਮੇਟੀਆਂ ਗਠਿਤ

**ਪਠਾਨਕੋਟ, 2 ਅਗਸਤ (ਆਵਾਜ਼ਿ ਕੌਮ ਬਿਊਰੋ)**-ਜ਼ਿਲ੍ਹਾ ਪੱਧਰ ਦਾ ਆਜ਼ਾਦੀ ਦਿਵਸ ਹਰ ਸਾਲ ਦੀ ਤਰਾਂ ਇਸ ਸਾਲ ਵੀ ਮਲਟੀਪਰਪਜ ਖੇਡ ਸਟੇਡੀਅਮ ਲਮੀਨੀ (ਪਠਾਨਕੋਟ) ਵਿਖੇ ਬੜੀ ਧੂਮ ਧਾਮ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਹ ਪ੍ਰਗਟਾਵਾ ਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ) ਪਠਾਨਕੋਟ ਨੇ 15 ਅਗਸਤ 2024 ਨੂੰ ਮਨਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਦੀਆਂ ਤਿਆਰੀਆਂ ਕਰਨ ਸਬੰਧੀ ਜ਼ਿਲਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਦੇ ਮੀਟਿੰਗ ਹਾਲ ਵਿਖੇ ਆਯੋਜਿਤ ਵੱਖ-ਵੱਖ ਜ਼ਿਲ੍ਹਾ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੀਟਿੰਗ ਵਿੱਚ ਮੌਕੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅਭਿਸੇਕ ਸਰਮਾ ਸਹਾਇਕ ਕਮਿਸਨਰ ਜਨਰਲ, ਯੁਧਵੀਰ ਸਿੰਘ ਡੀ.ਡੀ.ਪੀ.ਓ. ਪਠਾਨਕੋਟ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸ਼ਰ ਪਠਾਨਕੋਟ, ਡਾ. ਸੁਨੀਲ ਚੰਦ ਐਸ.ਐਮ. ਓ. ਪਠਾਨਕੋਟ, ਰਾਜੇਸ ਕੁਮਾਰ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਪਠਾਨਕੋਟ, ਕੁਲਵਿੰਦਰ ਕੌਰ ਜਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ, ਮਹੇਸ ਕੁਮਾਰ ਐਕਸੀਅਨ ਵਾਟਰ ਸਪਲਾਈ ਐਂਡ ਸੈਨੀਟੇਸਨ ਪਠਾਨਕੋਟ ਅਤੇ ਵੱਖ ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ) ਪਠਾਨਕੋਟ ਨੇ ਦੱਸਿਆ ਕਿ ਇਸ ਵਾਰ ਹਰ ਵਾਰ ਦੀ ਤਰ੍ਹਾਂ ਅਜਾਦੀ ਦਿਹਾੜਾ ਮਲਟੀਪਰਪਜ ਖੇਡ ਸਟੇਡੀਅਮ ਲਮੀਨੀ (ਪਠਾਨਕੋਟ) ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ,



ਮੁੱਖ ਮਹਿਮਾਨ ਆਜ਼ਾਦੀ ਦਿਵਸ ਮੌਕੇ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ ਅਤੇ ਪੰਜਾਬ ਪੁਲਿਸ, ਐਨ.ਸੀ.ਸੀ. ਦੀਆਂ ਟੁਕੜੀ ਤੋਂ ਸਲਾਮੀ ਲੈਣਗੇ। ਉਨ੍ਹਾਂ ਦੱਸਿਆ ਕਿ ਇਸ ਮੌਕੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ 'ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਆਜ਼ਾਦੀ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਰੋਹ ਮੌਕੇ ਆਜ਼ਾਦੀ ਘੁਲਾਟੀਆਂ, ਵੱਖ ਵੱਖ ਖੇਤਰਾਂ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ, ਚੰਗਾ ਕੰਮ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਆਦਿ ਨੂੰ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ ਦੇ ਆਜ਼ਾਦੀ ਦਿਵਸ ਦੇ ਸਮਾਗਮ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਦੀਆਂ ਕਮੇਟੀਆਂ ਗਠਿਤ ਕਰਕੇ ਡਿਊਟੀ ਲਗਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਿੱਖਿਆ ਵਿਭਾਗ ਦੀ ਸੱਭਿਆਚਾਰਕ ਪ੍ਰੋਗਰਾਮ ਦੀ ਤਿਆਰੀ ਸਬੰਧੀ ਡਿਊਟੀ ਲਗਾਈ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ ਦੇ ਆਜ਼ਾਦੀ ਦਿਵਸ ਦੇ ਸਮਾਗਮ ਸਬੰਧੀ ਰਿਹਰਸਲਾਂ 7 ਤੇ 9 ਅਗਸਤ 2024 ਨੂੰ ਰਿਹਰਸਲ ਅਤੇ ਫੁਲ ਡਰੈਸ ਰਿਹਰਸਲ 13 ਅਗਸਤ, 2024 ਨੂੰ ਮਲਟੀਪਰਪਸ ਖੇਡ ਸਟੇਡੀਅਮ ਲਮੀਣੀ (ਪਠਾਨਕੋਟ) ਵਿਖੇ ਹੋਵੇਗੀ।

ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਰਿਹਰਸਲਾਂ ਵਾਲੇ ਦਿਨ ਅਤੇ ਸਮਾਗਮ ਵਾਲੇ ਦਿਨ ਮੈਡੀਕਲ ਟੀਮ ਉਪਲਬੱਧ ਕਰਵਾਉਣ ਨੂੰ ਯਕੀਨੀ ਬਣਾਉਣ।

# ਰੱਖੜ ਪੁੰਨਿਆ ਮੌਕੇ ਪੰਥਕ ਧਿਰਾਂ ਵੱਲੋਂ ਬਾਬਾ ਬਕਾਲਾ ਸਾਹਿਬ ਵਿਖੇ

# 19 ਨੂੰ ਹੋਵੇਗੀ ਵਿਸ਼ਾਲ ਪੰਥਕ ਕਾਨਫਰੰਸ : ਬਾਪੂ ਤਰਸੇਮ ਸਿੰਘ, ਭਾਈ ਸਰਬਜੀਤ ਸਿੰਘ ਖਾਲਸਾ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸਿੱਖ ਪੰਥ ਨੂੰ ਦਿਲਚਸਪੀ ਲੈ ਕੇ ਵੋਟਾਂ ਬਣਾਉਣ ਦੀ ਪੁਰਜ਼ੋਰ ਅਪੀਲ

**ਜਲੰਧਰ, 2 ਅਗਸਤ ( ਆਵਾਜ਼ਿ ਕੌਮ ਬਿਊਰੋ )**-ਪੰਥਕ ਧਿਰਾਂ ਦੀ ਬੇਨਤੀ 'ਤੇ ਵਿਚਾਰ ਕਰਦਿਆਂ ਅਸੀਂ ਸਾਂਝੇ ਤੌਰ 'ਤੇ ਰਾਏ ਕਰਕੇ 19 ਅਗਸਤ 2024 ਨੂੰ ਇਤਿਹਾਸਕ ਧਰਤੀ ਬਾਬਾ ਬਕਾਲਾ ਸਾਹਿਬ ਵਿਖੇ ਰੱਖੜ ਪੁੰਨਿਆਂ ਦੇ ਮੌਕੇ 'ਤੇ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਇੱਕ ਵਿਸ਼ਾਲ ਪੰਥਕ ਇਕੱਤਰਤਾ/ ਕਾਨਫਰੰਸ ਕਰਨ ਦਾ ਫੈਸਲਾ ਕੀਤਾ ਹੈ, ਤਾਂ ਜੋ ਸਿੱਖ ਪੰਥ ਨੂੰ ਦਰਪੇਸ਼ ਮਸਲਿਆਂ ਬਾਰੇ ਵਿਚਾਰ-ਚਰਚਾ ਕੀਤੀਆਂ ਜਾ ਸਕਣ ਅਤੇ ਇੱਕ ਨਿਸ਼ਾਨ ਹੇਠ ਇਕੱਠੇ ਹੋ ਕੇ ਸਿੱਖ ਪੰਥ ਆਪਣੀ ਸ਼ਕਤੀ ਨੂੰ ਬੁਲੰਦ ਕਰ ਸਕੇ ਤੇ ਸਮੇਂ ਦੀਆਂ ਸਰਕਾਰਾਂ ਵੱਲੋਂ ਕੀਤੇ ਜਾ ਰਹੇ ਤਸ਼ੱਦਦ ਨੂੰ ਥੰਮ੍ਹ ਸਕੀਏ, ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਤੇ ਸਾਰੇ ਪ੍ਰਮੁੱਖ ਮਸਲਿਆਂ ਉੱਪਰ ਵਿਚਾਰ ਕਰਨ ਤੇ ਅਗਲੇਰੀ ਰਣਨੀਤੀ ਤੈਅ ਕਰਨ ਲਈ ਇਸ ਕਾਨਫਰੰਸ ਦੇ ਵਿੱਚ ਹੁੰਮ ਹੁੰਮਾ ਕੇ ਪੁੱਜੀਏ।

ਇਹ ਐਲਾਨ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਡਿਬਰੂਗੜ੍ਹ ਜੇਲ੍ਹ ਵਿੱਚੋਂ ਰਿਕਾਰਡ ਬਹੁਮਤ ਨਾਲ ਚੁਣੇ ਗਏ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਿਤਾ ਜੀ ਬਾਪੂ ਤਰਸੇਮ ਸਿੰਘ ਅਤੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖਾਲਸਾ ਵੱਲੋਂ ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤਾ ਗਿਆ ।

ਪੰਥਕ ਆਗੂਆਂ ਨੇ ਆਖਿਆ ਕਿ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਸਿਰਮੌਰ ਸੰਸਥਾ ਹੈ, ਪ੍ਰੰਤੂ ਕੁਝ ਕਾਰਨਾਂ ਕਰਕੇ ਪਿਛਲੇ 13 ਸਾਲਾਂ ਤੋਂ ਇਸ ਸਿਰਮੌਰ ਸੰਸਥਾ ਦੀਆਂ ਚੋਣਾਂ ਨਹੀਂ ਕਰਵਾਈਆਂ ਗਈਆਂ ਤੇ ਹੁਣ ਮੌਜੂਦਾ ਸਮੇਂ ਵਿੱਚ ਕੇਂਦਰ ਸਰਕਾਰ ਦੇ ਗੁਰਦੁਆਰਾ ਚੋਣ ਕਮਿਸ਼ਨ ਨੇ ਐਸ.ਜੀ.ਪੀ.ਸੀ. ਦੀਆਂ ਵੋਟਾਂ ਬਣਾਉਣ ਦੀ ਪਿਛਲੇ ਕੁਝ ਸਮੇਂ ਤੋਂ ਬਕਾਇਦਾ ਪ੍ਰਕਿਰਿਆ ਆਰੰਭੀ ਹੈ, ਪਰੰਤੂ ਫਿਲਹਾਲ ਸਿੱਖ ਸੰਗਤਾਂ ਵਿੱਚ ਇਨ੍ਹਾਂ ਵੋਟਾਂ ਬਣਾਉਣ ਸਬੰਧੀ ਬਹੁਤ ਘੱਟ ਉਤਸ਼ਾਹ ਵੇਖਿਆ ਗਿਆ ਹੈ, ਜੋ ਕਿ ਬੇਹਦ ਚਿੰਤਾ ਵਾਲੀ ਗੱਲ ਹੈ।

ਸਿੱਖ ਆਗੂਆਂ ਨੇ ਇਸ ਮੌਕੇ 'ਤੇ ਦੱਸਿਆ ਕਿ ਜੇਕਰ ਪਿਛਲੇ ਅੰਕੜਿਆਂ ਵੱਲ ਵੇਖਿਆ ਜਾਵੇ ਤਾਂ 2011 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹੋਈਆਂ ਚੋਣਾਂ ਦੌਰਾਨ ਕਰੀਬ 52 ਲੱਖ ਵੋਟਾਂ ਸਨ,ਜਦ ਕਿ ਇਸ ਵਾਰ 25 ਜੁਲਾਈ 2024 ਤੱਕ ਤਕਰੀਬਨ 27.87 ਲੱਖ ਵੋਟਾਂ ਹੀ ਬਣੀਆਂ ਗਈਆਂ ਦੱਸੀਆਂ ਜਾ ਰਹੀਆਂ ਹਨ, ਭਾਵ ਕਿ ਪਿਛਲੀ ਵਾਰ ਨਾਲੋਂ 50% ਵੋਟਾਂ ਘੱਟ ਬਣੀਆਂ ਹਨ। ਉਨ੍ਹਾਂ ਕਿਹਾ ਕਿ ਇਹ ਸਿੱਖਾਂ ਦੀ ਸਿਰਮੌਰ ਸੰਸਥਾ ਹੈ, ਜਿਸ ਦੀਆਂ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਗੁਰੂ ਖਾਲਸਾ ਤੇ ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰ ਅਤੇ ਸਿੱਖ ਗੁਰਧਾਮਾਂ ਤੇ ਵਿੱਦਿਅਕ ਤੇ ਸਿਹਤ ਨਾਲ ਸੰਬੰਧਤ ਅਦਾਰਿਆਂ ਵਗੈਰਾ ਦਾ ਯੋਗ ਪ੍ਰਬੰਧ ਕਰਨਾ ਹੁੰਦਾ ਹੈ,ਪਰ ਪਿਛਲੇ ਕੁਝ ਸਮੇਂ ਤੋਂ ਇਸ ਦੇ ਪ੍ਰਬੰਧਕੀ ਢਾਂਚੇ ਵਿੱਚ ਬਹੁਤ ਹੀ ਜ਼ਿਆਦਾ ਨਿਗਾਰ ਵੇਖਿਆ ਗਿਆ ਹੈ, ਜਿਸ ਦਾ ਮੁੱਖ ਕਾਰਨ ਕਾਨੂੰਨ ਮੁਤਾਬਿਕ ਮਿਥੇ ਸਮੇਂ ਵਿੱਚ ਚੋਣਾਂ ਨਾ ਹੋਣਾ ਵੀ ਪ੍ਰਮੁੱਖ ਤੌਰ 'ਤੇ ਮੰਨਿਆ ਜਾਂਦਾ ਹੈ।

ਉਨਾਂ ਕਿਹਾ ਕਿ ਜਿਸ ਤਰ੍ਹਾਂ ਗੁਰਦੁਆਰਾ ਚੋਣ ਕਮਿਸ਼ਨ ਮਾਨਯੋਗ ਜਸਟਿਸ ਐਸ.ਐਸ. ਸਾਰੋਂ ਨੇ ਇਸ ਦੀਆਂ ਵੋਟਾਂ ਦੀ ਪ੍ਰਕਿਰਿਆ ਆਰੰਭੀ ਹੈ, ਲੇਕਿਨ ਬਹੁਤਾਤ ਸੰਗਤਾਂ ਦੀਆਂ ਵੋਟਾਂ ਅਜੇ ਤੱਕ ਨਹੀਂ ਬਣ ਸਕੀਆਂ ਤਾਂ ਇਸ ਗੱਲ ਨੂੰ ਮੁੱਖ ਧਿਆਨ ਵਿੱਚ ਰੱਖਦੇ ਹੋਏ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਮੈਂਬਰ ਪਾਰਲੀਮੈਂਟ ਖਡੂਰ ਸਾਹਿਬ ਅਤੇ ਭਾਈ ਸਰਬਜੀਤ ਸਿੰਘ ਖਾਲਸਾ ਮੈਂਬਰ ਪਾਰਲੀਮੈਂਟ ਫਰੀਦਕੋਟ ਦੀ ਤਰਫੋਂ ਇੱਕ ਸਾਂਝੇ ਉੱਚ ਪੱਧਰੀ ਵਫ਼ਦ ਵੱਲੋਂ ਸਰਦਾਰ ਪਰਮਜੀਤ ਸਿੰਘ ਜੌਹਲ ਦੀ ਅਗਵਾਈ ਦੇ ਵਿੱਚ ਬੀਤੀ 30 ਜੁਲਾਈ ਨੂੰ ਚੰਡੀਗੜ੍ਹ ਵਿਖੇ ਚੋਣ ਕਮਿਸ਼ਨ ਗੁਰਦੁਆਰਾ ਚੋਣਾ ਤੱਕ ਪਹੁੰਚ ਕਰ ਕੇ ਉਨ੍ਹਾਂ ਨੂੰ ਵੋਟਾਂ ਬਣਾਉਣ ਦੀ ਮਿਤੀ ਜੋ ਕਿ 31 ਜੁਲਾਈ ਆਖ਼ਰੀ ਤੈਅ ਕੀਤੀ ਗਈ ਸੀ, ਨੂੰ ਹੋਰ ਅੱਗੇ ਵਧਾਉਣ ਦੀ ਬੇਨਤੀ ਕੀਤੀ ਗਈ, ਜਿਸ ਨੂੰ ਮਾਨਯੋਗ ਸਾਰੋਂ ਸਾਹਿਬ ਵੱਲੋਂ ਮੰਨਦਿਆਂ ਹੋਇਆਂ ਵੋਟਾਂ ਬਣਾਉਣ ਦੀ ਹੁਣ ਆਖਰੀ ਮਿਤੀ 16 ਸਤੰਬਰ 2024 ਤੱਕ ਕਰ ਦਿੱਤੀ ਗਈ ਹੈ, ਜਿਸ ਲਈ ਉਹ ਸਿੱਖ ਪੰਥ ਵੱਲੋਂ ਸਰਦਾਰ ਐਸ.ਐਸ. ਸਾਰੋਂ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ ਤੇ ਨਾਲ ਹੀ ਸਿੱਖ ਸੰਗਤਾਂ ਨੂੰ ਬੇਨਤੀ ਕਰਦੇ ਹਨ ਕਿ ਜੋ ਵੀ ਸਿੱਖ ਅਜੇ ਤੱਕ ਆਪਣੀਆਂ ਵੋਟਾਂ ਨਹੀਂ ਬਣਵਾ ਸਕੇ, ਉਹ ਹੁਣ ਯਤਨ ਕਰਨ ਤੇ ਇਸ ਡੇਢ ਮਹੀਨੇ ਦੇ ਸਮੇਂ ਦਾ ਫਾਇਦਾ ਲੈਂਦੇ ਹੋਏ ਆਪਣੀਆਂ ਵੱਡੇ ਪੱਧਰ 'ਤੇ ਵੋਟਾਂ ਬਣਵਾਉਣ ਤਾਂ ਜੋ ਆਉਣ ਵਾਲੇ ਸਮੇਂ ਦੇ ਵਿੱਚ ਜਦ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਹੁੰਦੀਆਂ ਹਨ ਤਾਂ ਅਸੀਂ ਆਪਣੇ ਹੱਕ ਦਾ ਇਸਤੇਮਾਲ ਕਰਕੇ ਪੰਥ ਪ੍ਰਸਤ, ਚੜ੍ਹਦੀ ਕਲਾ ਵਾਲੇ ਤੇ ਯੋਗ ਪ੍ਰਬੰਧਕਾਂ ਦੀ ਚੋਣ ਆਪਣੀ ਮੱਤ ਮੁਤਾਬਿਕ ਕਰ ਸਕੀਏ।

ਉਨ੍ਹਾਂ ਨਾਲ ਹੀ ਕਿਹਾ ਕਿ ਅਸੀਂ ਸਾਰੇ ਜਿਲ੍ਹਿਆਂ ਦੇ ਡੀਸੀ ਸਾਹਿਬਾਨ ਨੂੰ ਵੀ ਬੇਨਤੀ ਕਰਦੇ ਹਾਂ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਪ੍ਰਕਿਰਿਆ ਨਾਲ ਸੰਬੰਧਿਤ ਜ਼ਿੰਮੇਵਾਰ ਅਧਿਕਾਰੀਆਂ ਨੂੰ ਹਦਾਇਤਾਂ ਕਰਨ ਕਿ ਘਰ-ਘਰ ਜਾ ਕੇ ਤੈਅ ਕੀਤੇ ਸਮੇਂ ਅੰਦਰ ਵੱਧ ਤੋਂ ਵੱਧ ਵੋਟਾਂ ਬਣਾਈਆਂ ਜਾ ਸਕਣ ਅਤੇ ਬੀ.ਐਲ.ਓਜ਼ ਦੀ ਵੀ ਇਸ ਸਬੰਧ ਦੇ ਵਿੱਚ ਡਿਊਟੀ ਲਗਾਈ ਜਾਵੇ । ਉਨ੍ਹਾਂ ਇਹ ਵੀ ਦੱਸਿਆ ਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਵੱਲੋਂ ਵੀ ਸੰਗਤਾਂ ਨੂੰ ਇਹ ਸੰਦੇਸ਼ ਭੇਜਿਆ ਗਿਆ ਹੈ ਕਿ ਸਾਰੀ ਸੰਗਤ ਸੁਚੇਤ ਕਰ ਆਪਣੀ ਅਹਿਮ ਜ਼ਿੰਮੇਵਾਰੀ ਸਮਝ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੱਧ ਤੋਂ ਵੱਧ ਵੋਟਾਂ ਬਣਾਈਆਂ ਜਾਣ ਤਾਂ ਜੋ ਸਿੱਖ ਪੰਥ ਦੇ ਪ੍ਰਬੰਧਕੀ ਢਾਂਚੇ ਨੂੰ ਸੁਧਾਰਿਆ ਜਾ ਸਕੇ।

ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਵੱਧ ਤੋਂ ਵੱਧ ਸਿੱਖਿਆ ਦਈਏ, ਬੇਰੁਜ਼ਗਾਰੀ ਦੂਰ ਕਰੀਏ ਤੇ ਸਾਰਿਆਂ ਨੂੰ ਗੁਰਮਤਿ ਨਾਲ ਜੋੜ ਕੇ ਨੌਜਵਾਨਾਂ ਦੇ ਮੁੱਖ ਸ੍ਰੀ ਅਨੰਦਪੁਰ ਸਾਹਿਬ ਵੱਲ ਲੈ ਚੱਲੀਏ ਤਾਂ ਜੋ ਉਹ ਸਮਾਜਿਕ ਕੁਰੀਤੀਆਂ ਤੋਂ ਬਚੇ ਰਹਿ ਸਕਣ।




ਇਸੇ ਦੌਰਾਨ ਪੰਥਕ ਆਗੂਆਂ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਜੇਲ੍ਹ ਅੰਦਰ ਬੈਠੇ ਹੀ ਵੱਡੇ ਮਾਰਜਨ ਦੇ ਨਾਲ ਜਿਤਾ ਕੇ ਲੋਕ ਸਭਾ ਮੈਂਬਰ ਬਣਵਾਉਣ ਲਈ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਤੇ ਉਨ੍ਹਾਂ ਸਮੇਤ ਸਮੂਹ ਸਿੰਘਾਂ ਜਿਨ੍ਹਾਂ ਉੱਤੇ ਪੰਜਾਬ ਤੇ ਕੇਂਦਰ ਸਰਕਾਰ ਦੀ ਮਿਲੀਭੁਗਤ ਦੇ ਨਾਲ ਐਨ.ਐਸ.ਏ. ਲਗਾਈ ਗਈ ਹੈ, ਨੂੰ ਤੁਰੰਤ ਵਾਪਸ ਲੈ ਕੇ ਰਿਹਾਈ ਕਰਨ ਦੀ ਪੁਰਜ਼ੋਰ ਮੰਗ ਕੀਤੀ ਗਈ ਹੈ । ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਹੁਣ ਕਰੀਬ 18 ਲੱਖ ਤੋਂ ਵੱਧ ਲੋਕਾਂ ਦੀ ਨੁਮਾਇੰਦਗੀ ਕਰ ਰਹੇ ਹਨ ਤੇ ਉਹਨਾਂ ਨੂੰ ਕੈਦ ਕਰਕੇ ਰੱਖਣਾ ਸੰਵਿਧਾਨਿਕ ਹੱਕਾਂ ਉੱਤੇ ਡਾਕਾ ਮਾਰਨਾ ਤੇ ਬੇਹੱਦ ਨਿੰਦਣਯੋਗ ਹੈ ਤੇ ਉਨ੍ਹਾਂ ਨੂੰ ਲੋਕਾਂ ਦੇ ਫਤਵੇ ਅੱਗੇ ਸਿਰ ਝੁਕਾਉਂਦਿਆਂ ਬਿਨਾਂ ਕਿਸੇ ਹੋਰ ਦੇਰੀ ਦੇ ਰਿਹਾਅ ਕਰਨਾ ਚਾਹੀਦਾ ਹੈ ਤਾਂ ਜੋ ਉਹ ਲੋਕ ਸਭਾ ਦੇ ਵਿੱਚ ਸਿੱਖ ਪੰਥ ਅਤੇ ਆਪਣੇ ਹਲਕੇ ਦੇ ਲੋਕਾਂ ਦੀ ਆਵਾਜ਼ ਨੂੰ ਚੁੱਕ ਸਕਣ। ਉਨ੍ਹਾਂ ਕਿਹਾ ਕਿ ਐਨ.ਐਸ.ਏ. ਨੂੰ ਵਧਾ ਕੇ ਲੋਕਾਂ ਦੀ ਆਵਾਜ਼ ਬਣਨ ਤੋਂ ਭਾਈ ਖਾਲਸਾ ਨੂੰ ਰੋਕਿਆ ਜਾ ਰਿਹਾ ਹੈ, ਜਿਸ ਵਿੱਚ ਸਰਕਾਰਾਂ ਕਦੇ ਵੀ ਕਾਮਯਾਬ ਨਹੀਂ ਹੋ ਸਕਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਜਿਸ ਤਰ੍ਹਾਂ ਨਸ਼ਾ ਵਧ ਰਿਹਾ,ਬੇਰੁਜ਼ਗਾਰੀ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਪਤਿਤਪੁਣੇ ਵੱਲ ਅਤੇ ਪ੍ਰਵਾਸ ਵੱਲ ਧੱਕ ਰਹੀ ਹੈ, ਜਿਸ ਦੇ ਨਤੀਜੇ ਚਿੰਤਾਜਨਕ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹਾਲਾਤ ਬਦਤਰ ਹੁੰਦੇ ਜਾ ਰਹੇ ਹਨ ਤੇ ਦਿਨ-ਬ-ਦਿਨ ਲਾਅ ਐਂਡ ਆਰਡਰ ਦੀ ਸਥਿਤੀ ਵੀ ਬਹੁਤ ਵਿਗੜਦੀ ਦਿਖਾਈ ਦੇ ਰਹੀ ਹੈ, ਜਿਸ ਪ੍ਰਤੀ ਪੰਜਾਬ ਸਰਕਾਰ ਨੂੰ ਆਪਣੀ ਜ਼ਿਮੇਵਾਰੀ ਸਮਝਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਰੀਆਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਸੰਗਤਾਂ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਇਹ ਬੇਨਤੀ ਕੀਤੀ ਜਾ ਰਹੀ ਸੀ ਕਿ ਪੰਜਾਬ ਤੇ ਸਿੱਖਾਂ ਦੇ ਬਹੁਤ ਸਾਰੇ ਅਹਿਮ ਮਸਲਿਆਂ ਉੱਪਰ ਇੱਕ-ਮਿਕ ਹੋਕਰ ਗੁਰੂ ਸਾਹਿਬ ਜੀ ਵੱਲੋਂ ਬਖਸ਼ਿਸ਼ ਕੀਤੇ ਸਿਧਾਂਤ ਮੁਤਾਬਕ ਅਸੀਂ ਇਕੱਤਰ ਹੋਈਏ ਤੇ ਆਪਣੀ ਅਗਲੀ ਰਣਨੀਤੀ ਤੈਅ ਕਰੀਏ। ਉਨ੍ਹਾਂ ਆਖਿਰ ਵਿੱਚ ਸਰਕਾਰਾਂ ਵੱਲੋਂ ਕਾਨੂੰਨੀ ਤੌਰ 'ਤੇ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰਾਂ ਨੇ ਸਿੱਖ ਜਵਾਨੀ ਨੂੰ ਰਿਹਾਅ ਤਾਂ ਕੀ ਕਰਨਾ ਹੈ, ਉਲਟਾ ਅੰਮ੍ਰਿਤ ਛਕਾ ਕੇ ਪਤਿਤਪੁਣੇ ਤੋਂ ਦੂਰ ਕਰਨ ਵਾਲੇ ਪੰਥਕ ਬਿਰਤੀ ਵਾਲੇ ਨੌਜਵਾਨਾਂ 'ਤੇ ਐਨ.ਐਸ.ਏ. ਤੇ ਯੋਆਪਾ ਵਰਗੀਆਂ ਗੰਭੀਰ ਧਰਾਵਾਂ ਲਗਾ ਕੇ ਜੇਲਾਂ ਵਿੱਚ ਡੱਕਿਆ ਜਾ ਰਿਹਾ ਹੈ,ਜੋ ਕਿ ਬੇਹੱਦ ਦੁਖਦਾਈ ਤੇ ਚਿੰਤਾਜਨਕ ਗੱਲ ਹੈ । ਇਸ ਮੌਕੇ ਉੱਤੇ ਹੋਰਨਾਂ ਤੋਂ ਇਲਾਵਾ ਪੰਥਕ ਆਗੂ ਸਰਦਾਰ ਗੁਰਸੇਵਕ ਸਿੰਘ ਜਵਾਹਰਕੇ, ਸੁਖਚੈਨ ਸਿੰਘ, ਪ੍ਰਗਟ ਸਿੰਘ ਜੱਲੂਪੁਰ ਖੈੜਾ, ਪਰਮਜੀਤ ਸਿੰਘ ਜੌਹਲ, ਚਰਨਦੀਪ ਸਿੰਘ ਭਿੰਡਰ, ਹਰਪ੍ਰੀਤ ਸਿੰਘ ਰੱਤਾ, ਸਤਵਿੰਦਰ ਸਿੰਘ ਜੌਹਲ ਤੇ ਪ੍ਰੇਮ ਸਿੰਘ ਆਦਿ ਹਾਜ਼ਰ ਸਨ। ••

# ਜਨਮਦਿਨ ਮੁਬਾਰਕ






## ਵਾਹਿਗੁਰੂ ਜੀ ਸਦਾ ਮਿਹਰ ਭਰਿਆ ਹੱਥ ਸਿਰ 'ਤੇ ਰੱਖਣ

**WE WISH YOU A VERY VERY HAPPY BIRTHDAY TO KAMALJIT KAUR UXBRIDGE HILLINGDON LONDON UK**

**ਅੱਜ ਭਾਈ ਹਰਜਿੰਦਰ ਸਿੰਘ ਇੰਗਲੈਂਡ ਦੀ ਸਿੰਘਣੀ ਕਮਲਜੀਤ ਕੌਰ ਦਾ ਜਨਮ ਦਿਨ ਹੈ, ਜਿਸ ਦੀ ਉਨ੍ਹਾਂ ਦੇ ਸਮੂਹ ਪਰਿਵਾਰ ਨੂੰ ਲੱਖ-ਲੱਖ ਵਧਾਈ।**

ਕਮਲਜੀਤ ਕੌਰ ਨੇ ਆਪਣੇ ਸੱਚਖੰਡ ਵਾਸੀ ਆਪਣੇ ਮਾਤਾ ਪਿਤਾ ਜੀ ਪਾਸੋ ਮਿਲੀ ਪ੍ਰੇਰਣਾ ਨਾਲ ਜਿਥੇ ਆਪਣਾ ਜੀਵਨ ਗੁਰੂ ਮਰਿਆਦਾ ਅਨੁਸਾਰ ਬਤੀਤ ਕਰ ਰਹੀ ਹੈ ਉਥੇ ਆਪਣੀਆਂ ਦੋ ਧੀਆਂ ਨੂੰ ਵੀ ਗੁਰਮਤਿ ਅਨੁਸਾਰ ਜੀਵਨ ਜੀਊਣ ਲਈ ਸੰਸਕਾਰ ਦਿਤੇ ਅਤੇ ਪ੍ਰਦੇਸ਼ ਵਿੱਚ ਯੂਕੇ ਦੀ ਧਰਤੀ ਤੇ ਰਹਿੰਦਿਆਂ ਆਪਣੀ ਇੱਕ ਧੀ ਨੂੰ Phd in chemistry ਕਰਵਾ ਕੇ ਡਾਕਟਰ ਬਣਾਇਆ ਅਤੇ ਦੂਜੀ ਧੀ ਨੂੰ ਉੱਚ ਵਿਦਿਆ ਦੀ ਪੜਾਈ ਕਰਵਾ ਕੇ metropolitan London police officer ਬਣਾਇਆ ਅਤੇ ਨਾਲ ਹੀ ਖੁਸ਼ੀ ਦੀ ਗਲ ਹੈ ਕਿ ਜਰਨੈਲ ਸਿੰਘ ਵੀ ਚੌਥੀ ਕਲਾਸ ਵਿੱਚ ਹੋ ਗਿਆ ਹੈ।

**ਗੁਰੂ ਪਿਆਰਿਉ ਅਸੀਸਾਂ ਦਿਉ ਜੀ ਦਾਸ ਦੀ ਇਕ ਹੀ ਚਾਹਤ ਹੈ ਕਿ ਸੱਚੇ ਪਾਤਸ਼ਾਤ ਵਾਹਿਗੁਰੂ ਜੀ ਦਾਸ ਅਤੇ ਦਾਸ ਦਾ ਸਾਰਾ ਪਰਿਵਾਰ ਗੁਰੂ ਅਤੇ ਗੁਰਬਾਣੀ ਨਾਲ ਜੁੜਿਆ ਰਹੇ ਵਾਹਿਗੁਰੂ ਵਾਹਿਗੁਰੂ ਕਰਦਿਆਂ ਸਾਰਾ ਜੀਵਨ ਉਸ ਦੀ ਰਜਾ 'ਚ ਬਤੀਤ ਹੋਵੇ।**